


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Tuesday 10 March, 2026 | website: www.cee7news.com

## ਇਰਾਨ ਦੀਆਂ ਮੁੱਖ ਤੇਲ ਰਿਫਾਇਨਰੀਆਂ ਅਤੇ ਤੇਲ ਖੇਤਰਾਂ ਉੱਤੇ ਵੱਡੀ ਗਿਣਤੀ ਵਿੱਚ ਮਿਸਾਈਲਾਂ ਦਾਗ ਕੇ ਇੱਕ ਵੱਡਾ ਹਮਲਾ ਕੀਤਾ



ਜੇਰੂਸਲਮ/ਤਹਿਰਾਨ: ਇਜ਼ਰਾਈਲ ਨੇ ਇਰਾਨ ਦੀਆਂ ਮੁੱਖ ਤੇਲ ਰਿਫਾਇਨਰੀਆਂ ਅਤੇ ਤੇਲ ਖੇਤਰਾਂ ਉੱਤੇ ਵੱਡੀ ਗਿਣਤੀ ਵਿੱਚ ਮਿਸਾਈਲਾਂ ਦਾਗ ਕੇ ਇੱਕ ਵੱਡਾ ਹਮਲਾ ਕੀਤਾ ਹੈ। ਇਸ ਹਮਲੇ ਵਿੱਚ ਇਰਾਨ ਦੇ ਤੇਲ ਉਤਪਾਦਨ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ ਅਤੇ ਇਸ ਨਾਲ ਵਿਸ਼ਵ ਭਰ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਇਰਾਨੀ ਅਧਿਕਾਰੀਆਂ ਨੇ ਇਸ ਨੂੰ "ਜੰਗੀ ਅਪਰਾਧ" ਕਰਾਰ ਦਿੱਤਾ ਹੈ ਅਤੇ ਭਾਰੀ ਪ੍ਰਤੀਕਰਮ ਦੀ ਚਿਤਾਵਨੀ ਦਿੱਤੀ ਹੈ।ਇਜ਼ਰਾਈਲੀ ਫੌਜ (ਆਈਡੀਐੱਫ) ਨੇ ਇੱਕ ਬਿਆਨ ਵਿੱਚ ਕਿਹਾ ਕਿ ਇਸ ਹਮਲੇ ਦਾ ਉਦੇਸ਼ ਇਰਾਨ ਦੀ ਤੇਲ ਉਦਯੋਗ ਨੂੰ ਤਬਾਹ ਕਰਕੇ ਉਸ ਦੀ ਆਰਥਿਕ ਰੀੜ੍ਹ ਨੂੰ ਤੋੜਨਾ ਹੈ। ਇਸ ਤੋਂ ਪਹਿਲਾਂ ਇਰਾਨ ਨੇ ਇਜ਼ਰਾਈਲ ਉੱਤੇ ਮਿਸਾਈਲ ਅਤੇ ਡਰੋਨ ਹਮਲੇ ਕੀਤੇ ਸਨ ਜਿਸ ਵਿੱਚ ਇਜ਼ਰਾਈਲ ਵਿੱਚ ਕਈ ਲੋਕਾਂ ਦੀ ਮੌਤ ਹੋਈ ਅਤੇ ਭਾਰੀ ਨੁਕਸਾਨ ਹੋਇਆ ਸੀ। ਇਜ਼ਰਾਈਲੀ ਹਮਲਾ ਉਸੀ ਦਾ ਬਦਲਾ ਲੈਣ ਲਈ ਆਇਆ ਹੈ।ਇਰਾਨੀ ਰਾਸ਼ਟਰੀ ਟੈਲੀਵਿਜ਼ਨ ਨੇ ਦੱਸਿਆ ਕਿ ਖੁਜੇਸਤਾਨ ਸੂਬੇ ਦੀਆਂ ਤੇਲ ਰਿਫਾਇਨਰੀਆਂ, ਬੂਸ਼ਹਿਰ ਅਤੇ ਅਸਲੂਯੇਹ ਦੇ ਤੇਲ ਖੇਤਰਾਂ ਉੱਤੇ ਲਗਭਗ 20 ਤੋਂ ਵੱਧ ਬੈਲਿਸਟਿਕ ਮਿਸਾਈਲਾਂ ਡਿੱਗੀਆਂ ਹਨ। ਇਨ੍ਹਾਂ ਵਿੱਚੋਂ ਕਈ ਥਾਵਾਂ ਉੱਤੇ ਭਿਆਨਕ ਅੱਗ ਲੱਗ ਗਈ ਅਤੇ ਧੂੰਆਂ ਆਕਾਸ਼ ਵੱਲ ਉੱਠਦਾ ਨਜ਼ਰ ਆਇਆ। ਇਰਾਨੀ ਅਧਿਕਾਰੀਆਂ ਅਨੁਸਾਰ ਘੱਟੋ-ਘੱਟ 12 ਲੋਕ ਮਾਰੇ ਗਏ ਹਨ ਅਤੇ 50 ਤੋਂ ਵੱਧ ਜ਼ਖਮੀ ਹੋਏ ਹਨ। ਤੇਲ ਉਤਪਾਦਨ ਵਿੱਚ ਰੋਜ਼ਾਨਾ ਲੱਖਾਂ ਬੈਰਲ ਦੀ ਕਮੀ ਆ ਗਈ ਹੈ।ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇੱਕ ਵੀਡੀਓ ਸੰਦੇਸ਼ ਵਿੱਚ ਕਿਹਾ, "ਇਰਾਨ ਨੇ ਸਾਡੇ ਉੱਤੇ ਹਮਲਾ ਕੀਤਾ ਸੀ, ਅਸੀਂ ਉਸ ਦਾ ਜਵਾਬ ਦਿੱਤਾ ਹੈ। ਉਨ੍ਹਾਂ ਦੀ ਤਾਕਤ ਨੂੰ ਖਤਮ ਕਰਨ ਲਈ ਅਸੀਂ ਹਰ ਉਪਾਅ ਕਰਾਂਗੇ।" ਉਨ੍ਹਾਂ ਇਸ ਨੂੰ ਇਜ਼ਰਾਈਲ ਦੀ ਰੱਖਿਆ ਲਈ ਜ਼ਰੂਰੀ ਉਪਾਅ ਦੱਸਿਆ

## ਯੋਜਨਾ ਦਾ ਨਾਂ 'ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ' ਰੱਖਿਆ ਗਿਆ ਹੈ



ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਨੇ ਅੱਜ ਆਪਣਾ ਚੋਣ ਵਾਅਦਾ ਪੂਰਾ ਕਰ ਦਿੱਤਾ ਹੈ। ਇੰਟਰਨੈਸ਼ਨਲ ਵਿਮੈਨਜ਼ ਡੇ ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਪੇਸ਼ ਕੀਤੇ ਗਏ ਬਜਟ ਵਿੱਚ ਐਲਾਨ ਕੀਤਾ ਗਿਆ ਕਿ ਪੰਜਾਬ ਦੀਆਂ ਔਰਤਾਂ ਨੂੰ ਹਰ ਮਹੀਨੇ ੧੦੦੦ ਰੁਪਏ ਮਿਲਣਗੇ। ਇਸ ਯੋਜਨਾ ਦਾ ਨਾਂ 'ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ' ਰੱਖਿਆ ਗਿਆ ਹੈ। ਇਹ ਰਾਸ਼ੀ ਸਿੱਧੀ ਔਰਤਾਂ ਦੇ ਬੈਂਕ ਖਾਤਿਆਂ ਵਿੱਚ ਟ੍ਰਾਂਸਫਰ ਕੀਤੀ ਜਾਵੇਗੀ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਖੇਮਕਰਨ ਵਿੱਚ ਰੈਲੀ ਦੌਰਾਨ ਇਸ ਐਲਾਨ ਨੂੰ ਔਰਤਾਂ ਨਾਲ ਕੀਤੇ ਵਾਅਦੇ ਦੀ ਪੂਰਤੀ ਦੱਸਿਆ। ਉਨ੍ਹਾਂ ਕਿਹਾ ਕਿ ਇਸ ਨਾਲ ਔਰਤਾਂ ਨੂੰ ਵਿੱਤੀ ਆਜ਼ਾਦੀ ਮਿਲੇਗੀ ਤੇ ਉਨ੍ਹਾਂ ਨੂੰ ਘਰ ਵਿੱਚ ਪੈਸੇ ਲਈ ਕਿਸੇ ਤੋਂ ਨਹੀਂ ਮੰਗਣਾ ਪਵੇਗਾ। ਇਸ ਯੋਜਨਾ ਤਹਿਤ ੧੮ ਸਾਲ ਤੋਂ ਉੱਪਰ ਦੀਆਂ ਲਗਭਗ ਸਾਰੀਆਂ ਔਰਤਾਂ ਨੂੰ ਲਾਭ ਮਿਲੇਗਾ। ਸਰਕਾਰੀ ਅਧਿਕਾਰੀਆਂ ਅਨੁਸਾਰ ਇਸ ਲਈ ਲਗਭਗ ੧੨ ਹਜ਼ਾਰ ਕਰੋੜ ਰੁਪਏ ਦਾ ਬਜਟ ਰਾਖਵਾਂ ਰੱਖਿਆ ਗਿਆ ਹੈ।

ਇਸ ਤੋਂ ਇਲਾਵਾ ਬਜਟ ਵਿੱਚ ਔਰਤਾਂ ਲਈ ਹੋਰ ਵੀ ਕਈ ਯੋਜਨਾਵਾਂ ਦਾ ਐਲਾਨ ਹੋਇਆ ਹੈ। ਸਰਹੱਦੀ ਇਲਾਕਿਆਂ ਵਿੱਚ ਔਰਤਾਂ ਵੱਲੋਂ ਚਲਾਏ ਜਾਣ ਵਾਲੇ ਛੋਟੇ ਉਦਯੋਗਾਂ ਨੂੰ ਵਿਸ਼ੇਸ਼ ਸਬਸਿਡੀ ਦਿੱਤੀ ਜਾਵੇਗੀ। ਘਰੇਲੂ ਹਿੰਸਾ ਦਾ ਸ਼ਿਕਾਰ ਔਰਤਾਂ ਲਈ ਹੈਲਪਲਾਈਨ ਤੇ ਸ਼ੈਲਟਰ ਹੋਮਾਂ ਦਾ ਨੈੱਟਵਰਕ ਵਧਾਇਆ ਜਾਵੇਗਾ। ਸਿੱਖਿਆ ਵਿਭਾਗ ਵਿੱਚ ਕੁੜੀਆਂ ਲਈ ਵਧੀਆ ਸਕਾਲਰਸ਼ਿਪਾਂ ਵੀ ਘੋਸ਼ਿਤ ਕੀਤੀਆਂ ਗਈਆਂ ਹਨ।

**Cee7 NEWS** ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਗੁਰਸਿਖਾ ਇਕੋ ਪਿਆਰ ਗੁਰਮਿਤਾ ਪੁਤਾ ਭਾਈਆ' ਨਾਮ ਹੇਠ ਖ਼ਾਲਸਾ ਮਾਰਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਰਵਾਨਾ ਹੋਇਆ।

# ਸ਼ਹੀਦ ਭਾਈ ਤਾਰਾ ਸਿੰਘ ਵਾਂ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋਇਆ ਖਾਲਸਾ ਮਾਰਚ

ਅੰਮ੍ਰਿਤਸਰ, 9 ਮਾਰਚ-

ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਗੁਰਸਿਖਾ ਇਕੋ ਪਿਆਰ ਗੁਰਮਿਤਾ ਪੁਤਾ ਭਾਈਆ' ਨਾਮ ਹੇਠ ਖ਼ਾਲਸਾ ਮਾਰਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਰਵਾਨਾ ਹੋਇਆ। ਇਹ ਖ਼ਾਲਸਾ ਮਾਰਚ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ 11 ਮਾਰਚ ਨੂੰ ਗੁਰਦੁਆਰਾ ਸ਼ਹੀਦ ਭਾਈ ਤਾਰਾ ਸਿੰਘ ਜੀ, ਪਿੰਡ ਵਾਂ, ਜ਼ਿਲ੍ਹਾ ਤਰਨ ਤਾਰਨ ਵਿਖੇ ਸੰਪੂਰਨ ਹੋਵੇਗਾ।

ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਉਪਰੰਤ ਨਗਰ ਕੀਰਤਨ ਦੀ ਰਵਾਨਗੀ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕੀਤਾ। ਇਸ ਮੌਕੇ ਗੱਲ ਕਰਦਿਆਂ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਨੇ ਹੋਰ ਸ਼ਹੀਦ ਸਿੰਘਾਂ ਨਾਲ ਜ਼ਕਰੀਆ ਦੀ ਫ਼ੌਜ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਫ਼ਤਹਿ ਪਾਈ। ਸ਼ਹੀਦਾਂ ਦਾ ਇਹ ਇਤਿਹਾਸ ਕੌਮ ਲਈ ਵੱਡੀ ਪ੍ਰੇਰਣਾ ਹੈ। ਉਨ੍ਹਾਂ ਕਿਹਾ ਕਿ ਖਾਲਸਾ ਮਾਰਚ ਦਾ ਮਕਸਦ ਸਿੱਖੀ ਪ੍ਰਚਾਰ ਦੇ ਨਾਲ-ਨਾਲ ਭਾਈ ਤਾਰਾ ਸਿੰਘ ਵਾਂ ਅਤੇ ਹੋਰ ਸ਼ਹੀਦ ਸਿੰਘਾਂ ਦੇ ਇਤਿਹਾਸ ਨੂੰ ਸੰਗਤਾਂ 'ਚ ਪ੍ਰਚਾਰਨਾ ਹੈ। ਉਨ੍ਹਾਂ ਕਿਹਾ ਕਿ ਸਿੱਖ ਪੰਥ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਸ਼ਹੀਦ ਭਾਈ ਤਾਰਾ ਸਿੰਘ ਵਾਂ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਪੰਥਕ ਪ੍ਰੰਪਰਾਵਾਂ ਅਨੁਸਾਰ ਮਨਾਈ ਜਾ ਰਹੀ ਹੈ, ਜਿਸ ਦੇ ਸਮਾਗਮ 11 ਤੋਂ 14 ਮਾਰਚ ਤੱਕ ਪਿੰਡ ਵਾਂ ਵਿਖੇ ਹੋਣਗੇ। ਉਨ੍ਹਾਂ ਸੰਗਤਾਂ ਨੂੰ ਵੱਧ ਤੋਂ ਵੱਧ ਸ਼ਤਾਬਦੀ ਸਮਾਗਮਾਂ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਗਰ ਕੀਰਤਨ ਦੀ ਰਵਾਨਗੀ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ,ਸ. ਸਤਨਾਮ ਸਿੰਘ ਝਬਾਲ, ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ, ਪ੍ਰ



ਭਾਈ ਗੁਰਚਰਨ ਸਿੰਘ ਗਰੇਵਾਲ, ਭਾਈ ਅਜੈਬ ਸਿੰਘ ਅਭਿਆਸੀ, ਭਾਈ ਮਨਜੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਗੁਰਚਰਨ ਸਿੰਘ ਗਰੇਵਾਲ, ਭਾਈ ਅਜੈਬ ਸਿੰਘ ਅਭਿਆਸੀ, ਭਾਈ ਮਨਜੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਕੁਲਦੀਪ ਸਿੰਘ ਰੋਡੇ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਹਰਭਜਨ ਸਿੰਘ ਵਕਤਾ, ਸ. ਸੁਖਬੀਰ ਸਿੰਘ, ਸ. ਮਨਜੀਤ ਸਿੰਘ ਤਲਵੰਡੀ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ ਤੇ ਸ. ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਸ. ਨਰਿੰਦਰ ਸਿੰਘ, ਸ. ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਸ. ਗੁਰਵਿੰਦਰ ਸਿੰਘ ਦੇਵੀਦਾਸਪੁਰਾ, ਸ. ਸਤਨਾਮ ਸਿੰਘ ਝਬਾਲ, ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ, ਪ੍ਰਚਾਰਕ/ਨਿਗਰਾਨ ਭਾਈ ਬਲਵੰਤ ਸਿੰਘ ਐਨੋਕੋਟ, ਬਾਬਾ ਮੇਜਰ ਸਿੰਘ ਸੋਢੀ, ਬਾਬਾ ਗੁਰਦੀਪ ਸਿੰਘ, ਬਾਬਾ ਸਤਨਾਮ ਸਿੰਘ ਸਮੇਤ ਸੰਗਤਾਂ ਮੌਜੂਦ ਸਨ।



## ਚੰਡੀਗੜ੍ਹ ਵਿਖੇ ਪੰਜਾਬ ਯੂਨੀਵਰਸਿਟੀ ਦੇ ਕੈਂਪਸ ਵਿਚ ਅੱਜ ਭਾਰੀ ਤਣਾਅ ਅਤੇ ਹੰਗਾਮਾ ਦਾ ਮਾਹੌਲ ਬਣ ਗਿਆ।

### ਵੱਖ-ਵੱਖ ਵਿਦਿਆਰਥੀ ਜਥੇਬੰਦੀਆਂ ਵੱਲੋਂ ਯੂਨੀਵਰਸਿਟੀ ਵਿਚ ਤਿੱਖਾ ਵਿਰੋਧ

ਚੰਡੀਗੜ੍ਹ ਵਿਖੇ ਪੰਜਾਬ ਯੂਨੀਵਰਸਿਟੀ ਦੇ ਕੈਂਪਸ ਵਿਚ ਅੱਜ ਭਾਰੀ ਤਣਾਅ ਅਤੇ ਹੰਗਾਮਾ ਦਾ ਮਾਹੌਲ ਬਣ ਗਿਆ। ਵੱਖ-ਵੱਖ ਵਿਦਿਆਰਥੀ ਜਥੇਬੰਦੀਆਂ ਵੱਲੋਂ ਯੂਨੀਵਰਸਿਟੀ ਵਿਚ ਆਯੋਜਿਤ ਇੱਕ ਸੈਮੀਨਾਰ ਦਾ ਤਿੱਖਾ ਵਿਰੋਧ ਕੀਤਾ ਗਿਆ। ਇਸ ਸੈਮੀਨਾਰ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐੱਸਐੱਸ) ਦੀ ਸ਼ਮੂਲੀਅਤ ਨੂੰ ਲੈ ਕੇ ਵਿਦਿਆਰਥੀਆਂ ਨੇ ਰੋਸ ਜਤਾਇਆ। ਪੁਲਿਸ ਵੱਲੋਂ ਵਿਦਿਆਰਥੀਆਂ ਉੱਤੇ ਲਾਠੀਚਾਰਜ ਕੀਤਾ ਗਿਆ ਅਤੇ ਕਈ ਵਿਦਿਆਰਥੀਆਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਇਸ ਘਟਨਾ ਨਾਲ ਯੂਨੀਵਰਸਿਟੀ ਵਿਚ ਤਣਾਅ ਬਣਿਆ ਹੋਇਆ ਹੈ।

ਦੱਸਿਆ ਜਾਂਦਾ ਹੈ ਕਿ ਯੂਨੀਵਰਸਿਟੀ ਵਿਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਅਤੇ ਫਲਸਫੇ ਨਾਲ ਸਬੰਧਿਤ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਸੀ। ਇਸ ਵਿਚ ਮੁੱਖ ਬੁਲਾਰੇ ਵਜੋਂ ਆਰਐੱਸਐੱਸ ਦੇ ਸੀਨੀਅਰ ਅਹੁਦੇਦਾਰ ਬਨਵੀਰ ਸਿੰਘ ਅਤੇ ਭਾਜਪਾ ਆਗੂ ਇਕਬਾਲ ਸਿੰਘ ਲਾਲਪੁਰਾ ਨੂੰ ਸੱਦਾ ਦਿੱਤਾ ਗਿਆ ਸੀ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਯੂਨੀਵਰਸਿਟੀ ਇੱਕ ਵਿਦਿਅਕ ਸੰਸਥਾ ਹੈ ਅਤੇ ਇਸ ਨੂੰ ਕਿਸੇ ਵੀ ਰਾਜਨੀਤੀਕ ਜਾਂ ਸੰਘੀ ਪ੍ਰਚਾਰ ਲਈ ਵਰਤਿਆ ਨਹੀਂ ਜਾਣਾ ਚਾਹੀਦਾ। ਉਨ੍ਹਾਂ ਨੇ ਇਸ ਸੈਮੀਨਾਰ ਨੂੰ ਸਿਧਾਂਤਾਂ ਵਿਰੋਧੀ ਐਲਾਨ ਕੀਤਾ ਅਤੇ ਇਸ ਦਾ ਪੂਰਾ ਵਿਰੋਧ ਕੀਤਾ।

ਵਿਦਿਆਰਥੀ ਜਥੇਬੰਦੀਆਂ 'ਸਾਖੀ', 'ਸੱਥ' ਅਤੇ ਹੋਰ ਸੰਗਠਨਾਂ ਵੱਲੋਂ ਇਸ ਵਿਰੋਧ ਪ੍ਰਦਰਸ਼ਨ ਵਿਚ ਹਿੱਸਾ ਲਿਆ ਗਿਆ। ਉਨ੍ਹਾਂ ਨੇ ਯੂਨੀਵਰਸਿਟੀ ਪ੍ਰਸ਼ਾਸਨ ਅਤੇ ਡੀਨ ਵਿਦਿਆਰਥੀ ਭਲਾਈ ਨੂੰ ਲਿਖਤੀ ਮੰਗ ਪੱਤਰ ਵੀ ਸੌਂਪਿਆ ਸੀ ਕਿ ਇਸ ਸੈਮੀਨਾਰ ਵਿਚ ਆਉਣ ਵਾਲੇ ਬੁਲਾਰਿਆਂ ਨੂੰ ਰੋਕਿਆ ਜਾਵੇ। ਇਸ ਤੋਂ ਬਾਅਦ ਵੀ ਜਦੋਂ ਸੈਮੀਨਾਰ ਸ਼ੁਰੂ ਹੋਇਆ ਤਾਂ ਵਿਦਿਆਰਥੀਆਂ ਨੇ ਰੋਸ ਭਰੀਆਂ ਆਵਾਜ਼ਾਂ ਵਿਚ ਵਿਰੋਧ ਕੀਤਾ। ਇੱਕ ਵਿਦਿਆਰਥੀ ਲੜਕੀ ਨੇ ਸੈਮੀਨਾਰ ਹਾਲ ਵਿਚ ਜਾ ਕੇ ਵੀ ਵਿਰੋਧ ਜਤਾਇਆ ਅਤੇ ਉਸ ਦੀ ਆਵਾਜ਼ ਗੂੰਜੀ ਤਾਂ ਪੁਲਿਸ ਨੇ ਉਸ ਨੂੰ ਅਤੇ ਹੋਰ ਵਿਦਿਆਰਥੀਆਂ ਨੂੰ ਤੁਰੰਤ ਹਿਰਾਸਤ ਵਿਚ ਲੈ ਲਿਆ।ਇਸ ਦੌਰਾਨ ਧੱਕਾ-ਮੁੱਕੀ ਹੋਈ ਅਤੇ ਕਈ ਵਿਦਿਆਰਥੀਆਂ ਦੀਆਂ ਪੱਗਾਂ ਅਤੇ ਕਕਾਰਾਂ ਦੀ ਬੇਅਦਬੀ ਹੋਣ ਦੇ ਇਲਜ਼ਾਮ ਲੱਗੇ ਹਨ। 'ਸਾਖੀ' ਜਥੇਬੰਦੀ ਦੇ ਆਗੂ ਅਰਸ਼ਦੀਪ ਸਿੰਘ ਨੇ ਦੱਸਿਆ ਕਿ ਪੁਲਿਸ ਵਰਦੀ ਵਿਚ ਕਈ ਉਹ ਵਿਅਕਤੀ ਵੀ ਹੋ ਸਕਦੇ ਹਨ ਜੋ ਆਰਐੱਸਐੱਸ ਨਾਲ ਜੁੜੇ ਹੋਏ ਹਨ

ਕਿਉਂਕਿ ਬਹੁਤ ਸਾਰੇ ਪੁਲਿਸ ਮੁਲਾਜ਼ਮਾਂ ਕੋਲ ਨਾਮ ਦੀਆਂ ਪਲੇਟਾਂ ਨਹੀਂ ਸਨ। ਉਨ੍ਹਾਂ ਕਿਹਾ ਕਿ ਅਸੀਂ ਸਿਧਾਂਤਾਂ ਦੀ ਲੜਾਈ ਲੜ ਰਹੇ ਹਾਂ ਅਤੇ ਅਜਿਹੇ ਪ੍ਰੋਗਰਾਮਾਂ ਦਾ ਡਟ ਕੇ ਵਿਰੋਧ ਜਾਰੀ ਰੱਖਾਂਗੇ। ਵੱਡੀ ਗਿਣਤੀ ਵਿਚ ਵਿਦਿਆਰਥੀਆਂ ਨੂੰ ਡਿਟੇਨ ਕਰ ਕੇ ਸਹਾਰਨਗ ਪੁਰ ਪੁਲਿਸ ਚੌਂਕੀ ਵਿਚ ਰੱਖਿਆ ਗਿਆ ਹੈ।

ਦੂਜੇ ਪਾਸੇ ਆਖ਼ਰੀ ਵਿਦਿਆਰਥੀ ਸੰਗਠਨ ਏਬੀਵੀਪੀ ਦੇ ਪ੍ਰਧਾਨ ਆਸ਼ੀਸ਼ ਸ਼ਰਮਾ ਨੇ ਇਸ ਵਿਰੋਧ ਦੀ ਨਿਖੇਧੀ ਕੀਤੀ ਅਤੇ ਕਿਹਾ ਕਿ ਇਹ ਪ੍ਰੋਗਰਾਮ ਸਿਰਫ ਇਤਿਹਾਸਕ ਅਤੇ ਸੱਭਿਆਚਾਰਕ ਜਾਣਕਾਰੀ ਲਈ ਹੈ। ਇਸ ਦਾ ਰਾਜਨੀਤੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਸ ਤੋਂ ਬਾਅਦ ਵੀ ਵਿਦਿਆਰਥੀਆਂ ਦਾ ਵਿਰੋਧ ਜਾਰੀ ਰਿਹਾ ਅਤੇ ਯੂਨੀਵਰਸਿਟੀ ਵਿਚ ਭਾਰੀ ਪੁਲਿਸ ਤਾਇਨਾਤੀ ਕੀਤੀ ਗਈ ਹੈ।

ਇਸ ਘਟਨਾ ਤੋਂ ਬਾਅਦ ਯੂਨੀਵਰਸਿਟੀ ਦੇ ਵਿਦਿਆਰਥੀਆਂ ਵਿਚ ਗੁੱਸਾ ਵਧ ਗਿਆ ਹੈ। ਵਿਦਿਆਰਥੀ ਆਗੂਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਅਜਿਹੇ ਸੈਮੀਨਾਰ ਫਿਰ ਤੋਂ ਆਯੋਜਿਤ ਕੀਤੇ ਗਏ ਤਾਂ ਉਨ੍ਹਾਂ ਦਾ ਇਸ ਤੋਂ ਵੀ ਵੱਧ ਤਿੱਖਾ ਵਿਰੋਧ ਕੀਤਾ ਜਾਵੇਗਾ। ਇਸ ਵੇਲੇ ਯੂਨੀਵਰਸਿਟੀ ਕੈਂਪਸ ਵਿਚ ਸਥਿਤੀ ਤਣਾਅਪੂਰਨ ਬਣੀ ਹੋਈ ਹੈ ਅਤੇ ਪੁਲਿਸ ਵੱਲੋਂ ਨਿਗਰਾਨੀ ਵਧਾ ਦਿੱਤੀ ਗਈ ਹੈ। ਵਿਦਿਆਰਥੀਆਂ ਵੱਲੋਂ ਇਹ ਵਿਰੋਧ ਗੁਰੂ ਸਾਹਿਬਾਨਾਂ ਦੇ ਫਲਸਫੇ ਨੂੰ ਰਾਜਨੀਤੀਕ ਰੰਗ ਦੇਣ ਤੋਂ ਰੋਕਣ ਲਈ ਕੀਤਾ ਗਿਆ ਹੈ।

ਇਸ ਘਟਨਾ ਦੀ ਪੂਰੀ ਜਾਂਚ ਕੀਤੀ ਜਾਵੇਗੀ ਅਤੇ ਡਿਟੇਨ ਵਿਦਿਆਰਥੀਆਂ ਨੂੰ ਜਲਦ ਰਿਹਾ ਕੀਤਾ ਜਾਵੇਗਾ ਜਾਂ ਨਹੀਂ ਇਸ ਬਾਰੇ ਅਜੇ ਕੋਈ ਅਧਿਕਾਰਤ ਜਾਣਕਾਰੀ ਨਹੀਂ ਮਿਲੀ ਹੈ। ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਵੀ ਕੋਈ ਬਿਆਨ ਨਹੀਂ ਜਾਰੀ ਕੀਤਾ ਗਿਆ ਹੈ। ਵਿਦਿਆਰਥੀਆਂ ਵੱਲੋਂ ਇਸ ਮਾਮਲੇ ਵਿਚ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਗਈ ਹੈ ਤਾਂ ਜੋ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਤੋਂ ਬਚਿਆ ਜਾ ਸਕੇ।ਇਸ ਤੋਂ ਬਾਅਦ ਵੀ ਜਦੋਂ ਸੈਮੀਨਾਰ ਸ਼ੁਰੂ ਹੋਇਆ ਤਾਂ ਵਿਦਿਆਰਥੀਆਂ ਨੇ ਰੋਸ ਭਰੀਆਂ ਆਵਾਜ਼ਾਂ ਵਿਚ ਵਿਰੋਧ ਕੀਤਾ। ਇੱਕ ਵਿਦਿਆਰਥੀ ਲੜਕੀ ਨੇ ਸੈਮੀਨਾਰ ਹਾਲ ਵਿਚ ਜਾ ਕੇ ਵੀ ਵਿਰੋਧ ਜਤਾਇਆ ਅਤੇ ਉਸ ਦੀ ਆਵਾਜ਼ ਗੂੰਜੀ ਤਾਂ ਪੁਲਿਸ ਨੇ ਉਸ ਨੂੰ ਅਤੇ ਹੋਰ ਵਿਦਿਆਰਥੀਆਂ ਨੂੰ ਤੁਰੰਤ ਹਿਰਾਸਤ ਵਿਚ ਲੈ ਲਿਆ।ਇਸ ਦੌਰਾਨ ਧੱਕਾ-ਮੁੱਕੀ ਹੋਈ ਅਤੇ ਕਈ ਵਿਦਿਆਰਥੀਆਂ ਦੀਆਂ ਪੱਗਾਂ ਅਤੇ ਕਕਾਰਾਂ ਦੀ ਬੇਅਦਬੀ ਹੋਣ ਦੇ ਇਲਜ਼ਾਮ ਲੱਗੇ ਹਨ। 'ਸਾਖੀ' ਜਥੇਬੰਦੀ ਦੇ ਆਗੂ ਅਰਸ਼ਦੀਪ ਸਿੰਘ ਨੇ ਦੱਸਿਆ ਕਿ ਪੁਲਿਸ ਵਰਦੀ ਵਿਚ ਕਈ ਉਹ ਵਿਅਕਤੀ ਵੀ ਹੋ ਸਕਦੇ ਹਨ ਜੋ ਆਰਐੱਸਐੱਸ ਨਾਲ ਜੁੜੇ ਹੋਏ ਹਨ

# ਨੋਰਥ ਈਸਟ ਵਿਚ ਅਸਾਮ ਨਿਵਾਸੀ ਸੰਗਤਾਂ ਵਲੋਂ ਸੰਤ ਬਾਬਾ ਸੁੱਖਾ ਸਿੰਘ ਜੀ ਦਾ ਸਨਮਾਨ




**ਚੋਹਲਾ ਸਾਹਿਬ 8 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਗੁਰਮਤਿ ਪ੍ਰਚਾਰ ਫੇਰੀ ‘ਤੇ ਚਲਦਿਆਂ ਸੰਪਰਦਾਇ ਕਾਰ ਸੇਵਾ ਸੰਤ ਬਾਬਾ ਤਾਰਾ ਸਿੰਘ ਜੀ ਸਰਹਾਲੀ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਇਹਨੀਂ ਦਿਨੀਂ ਅਸਾਮ ਦੀਆਂ ਸੰਗਤਾਂ ‘ਚ ਵਿਚਰ ਰਹੇ ਹਨ। ਪੰਜਾਬ ‘ਚ ਆਏ ਹੜ੍ਹਾਂ ਦੌਰਾਨ ਮਾਨਵਤਾ ਦੇ ਭਲੇ ਹਿੱਤ ਨਿਭਾਈਆਂ ਗਈਆਂ ਸੇਵਾਵਾਂ ਨੂੰ ਆਦਰ ਦੇਂਦਿਆਂ ਸੰਤ ਬਾਬਾ ਸੁੱਖਾ ਸਿੰਘ ਜੀ ਨੂੰ ਅਸਾਮ ਦੇ ਵੱਖ-ਵੱਖ ਇਲਾਕਿਆਂ ਦੀਆਂ ਸੰਗਤਾਂ ਵੱਲੋਂ ਸਨਮਾਨਤ ਕੀਤਾ ਗਿਆ, ਜਿਨ੍ਹਾਂ ਵਿਚ ਗੋਹਾਟੀ, ਸ਼ਿਵ ਸਾਗਰ, ਤਿਨਸੁਖੀਆ, ਮੋਰਨ ਅੱਜ ਗੁਹਾਟੀ ਦੀਆਂ ਸੰਗਤਾਂ ਸ਼ਾਮਲ ਹਨ । ਇਸ ਮੌਕੇ ਸ. ਦਲਜੀਤ ਸਿੰਘ ਸੈਕਟਰੀ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਆਖਿਆ, ਅਸੀਂ ਸਮੂਹ ਗੋਹਾਟੀ ਨਿਵਾਸੀ ਸੰਗਤਾਂ ਵਲੋਂ ਸੰਤ ਬਾਬਾ ਸੁੱਖਾ ਸਿੰਘ ਜੀ ਨੂੰ ‘ਜੀ ਆਇਆਂ” ਆਖਦੇ ਹਾਂ।ਸੰਤ ਬਾਬਾ ਸੁੱਖਾ ਸਿੰਘ ਜੀ ਨੇ ਮਾਨਵਤਾ ਦੇ ਭਲੇ ਹਿਤ ਮਹਾਨ ਪਰਉਪਕਾਰ ਕੀਤੇ ਹਨ। ਵੱਖ ਵੱਖ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸੰਗਤ ਵਲੋਂ ਬਾਬਾ ਜੀ ਨੂੰ ਸਨਮਾਨਤ ਕੀਤਾ ਜਾ ਰਿਹਾ ਹੈ ਤਾਂ ਕਿ ਸਾਡੀ ਨਵੀਂ ਪੀੜ੍ਹੀ ਉਹਨਾਂ ਦੀ ਮਹਾਨ ਸੇਵਾ ਤੋਂ ਜਾਣੂੰ ਹੋਵੇ। ਭਾਵੇਂ ਅਸੀਂ ਦਰਿਆਵਾਂ ਦੇ ਕੰਢੇ ਚਲਦੀਆਂ ਸੇਵਾਵਾਂ ਵੇਲੇ ਮੌਕੇ ਤੇ ਹਾਜ਼ਰ ਨਹੀਂ ਸਾਂ, ਪਰ ਸ਼ੋਸ਼ਲ ਮੀਡੀਆ ਰਾਹੀਂ ਸੇਵਾ ਦੇ ਦ੍ਰਿਸ਼ ਵੇਖਦੇ ਸਾਂ ਤਾਂ ਮਨ ਅਸ਼ ਅਸ਼ ਕਰ ਉੱਠਦਾ ਸੀ। ਸੰਤ ਬਾਬਾ ਸੁੱਖਾ ਸਿੰਘ ਜੀ ਨੇ ਪੰਜਾਬ ਦੀ ਮੁਸੀਬਤ ਵੇਲੇ ਇੱਕ ਮਹਾਨ ਅਗਵਾਈ ਕੀਤੀ ਅਤੇ ਖੁਦ ਹੱਥੀਂ ਸੇਵਾ ਕਰਕੇ ਸੰਗਤਾਂ ਵਿਚ ਅਥਾਹ ਜੋਸ਼ ਭਰਿਆ । ਆਪ ਜੀ ਦੀ ਪਰਉਪਕਾਰੀ ਸ਼ਖਸੀਅਤ ਤੋਂ ਨੌਜਵਾਨਾਂ ਨੂੰ ਮਹਾਨ ਅਗਵਾਈ ਮਿਲੀ ਹੈ। ਅੱਜ ਸੰਤ ਬਾਬਾ ਸੁੱਖਾ ਸਿੰਘ ਜੀ ਨੂੰ ਸਨਮਾਨਤ ਕਰਨ 'ਤੇ ਸਾਨੂੰ ਅਤਿਅੰਤ ਖੁਸ਼ੀ ਹੋ ਰਹੀ ਹੈ।" ਵੱਖ ਵੱਖ ਇਲਾਕਿਆਂ ਦੀਆਂ ਸੰਗਤਾਂ ਵਿਚ ਸ਼ਿਵ ਸਾਗਰ ਤੋਂ ਤ੍ਰਿਲੋਚਨ ਸਿੰਘ ਪ੍ਰਧਾਨ, ਸਤਵੰਤ ਸਿੰਘ ਸੇਕ੍ਰੇਟਰੀ, ਜਗਜੀਤ ਸਿੰਘ ਵਾਈਸ ਪ੍ਰਧਾਨ, ਰਾਬਿੰਦਰ ਸਿੰਘ ਆਸਜਾ (ਪ੍ਰਧਾਨ), ਮਨਿੰਦਰ ਸਿੰਘ ਖਾਲਸਾ, ਜੋਰਹਾਟ ਤੋਂ ਦੀਪਕ ਸਿੰਘ ਪ੍ਰਧਾਨ, ਤ੍ਰਿਲੋਕ ਸਿੰਘ, ਹਰਜੀਤ ਸਿੰਘ ਢਿੱਲੋਂ (ਗੋਲਡੀ ),ਹਰਪਿੰਦਰ ਸਿੰਘ ਢਿੱਲੋਂ ( ਪਿੰਦਾ ), ਹਰਜਿੰਦਰ ਸਿੰਘ ਢਿੱਲੋਂ (ਕੂਕਾ ), ਜਸਵੰਤ ਸਿੰਘ, ਗੁਰਦਿਆਲ ਸਿੰਘ, ਅਵਤਾਰ ਸਿੰਘ, ਅਵਤਾਰ ਸਿੰਘ ਗਿੱਲ, ( ਗਿਆਨੀ ), ਜਸਵੰਤ ਸਿੰਘ, ਹਰਜੀਤ ਸਿੰਘ ( ਦੇਧੀ), ਤਲਬਿੰਦਰ ਸਿੰਘ ( ਰਾਜੂ ), ਕਸ਼ਮੀਰਾ ਸਿੰਘ, ਤਿਨਸੁਖੀਆ ਤੋਂ ਹਰਦੇਵ ਸਿੰਘ ਗੋਹਾਟੀ,ਬਹਾਦਰ ਸਿੰਘ ਗੋਹਾਟੀ, ਸਿੱਖ ਯੂਥ ਪ੍ਰਧਾਨ ਗੁਰਪ੍ਰਤਾਪ ਸਿੰਘ, ਪੱਪੂ ਸੇਠ ਗੋਹਾਟੀ, ਮੋਰਾਨ ਤੋਂ ਸਾਹਿਬ ਸਿੰਘ ਫੌਜੀ ਅਤੇ ਹੋਰ ਕਈ ਗੁਰਸਿੱਖ ਹਾਜ਼ਰ ਸਨ।

# ਤਰਸੇਮ ਸਿੰਘ ਏਬੀਪੀਐਮ ਨੂੰ ਰਿਟਾਇਰਮੈਂਟ ਮੌਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।



**ਚੋਹਲਾ ਸਾਹਿਬ 8 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਡਾਕਘਰ ਸਬ ਆਫਿਸ ਗੋਇੰਦਵਾਲ ਸਾਹਿਬ ਤੋਂ ਏਬੀਪੀਐਮ ਦੀ ਪੋਸਟ ਤੋਂ ਤਰਸੇਮ ਸਿੰਘ ਬੀਤੇ ਦਿਨੀਂ ਸੇਵਾਮੁਕਤ ਹੋਏ ਹਨ ਜਿੰਨਾਂ ਨੂੰ ਸਮੂਹ ਸਟਾਫ ਵੱਲੋਂ ਵਿਦਾਇਗੀ ਪਾਰਟੀ ਦਿੱਤੀ ਅਤੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਇਸ ਸਮੇਂ ਜਸਬੀਰ ਸਿੰਘ ਡਿਵੀਜ਼ਨ ਸੈਕਟਰੀ ਆਲ ਇੰਡੀਆ ਗ੍ਰਾਮੀਣ ਡਾਕ ਸੇਵਕ ਯੂਨੀਅਨ ਡਵੀਜ਼ਨ ਅੰਮ੍ਰਿਤਸਰ ਨੇ ਦੱਸਿਆ ਕਿ ਏਬੀਪੀਐਮ ਤਰਸੇਮ ਸਿੰਘ ਨੇ ਆਪਣੀ ਸਾਰੀ ਡਿਊਟੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਈ ਹੈ ਅਤੇ ਬੇਦਾਗ ਸੇਵਾਮੁਕਤ ਹੋਏ ਹਨ।ਉਹਨਾਂ ਦੱਸਿਆ ਕਿ ਅੱਜ ਉਹਨਾਂ ਨੂੰ ਸਮੂਹ ਸਟਾਫ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਚਿੰਨ ਦੇਕੇ ਸਨਮਾਨਿਤ ਕੀਤਾ ਗਿਆ ਅਤੇ ਵਿਦਾਇਗੀ ਪਾਰਟੀ ਦਿੱਤੀ ਗਈ ਹੈ।ਉਹਨਾਂ ਤਰਸੇਮ ਸਿੰਘ ਨੂੰ ਕਿਹਾ ਕਿ ਉਹਨਾਂ ਦੀ ਯੂਨੀਅਨ ਹਮੇਸ਼ਾਂ ਉਹਨਾਂ ਦੇ ਦੁੱਖ ਸੁੱਖ ਵਿੱਚ ਉਹਨਾਂ ਦੇ ਨਾਲ ਖੜ੍ਹੀ ਹੈ ਜਦ ਵੀ ਜਰੂਰਤ ਹੋਵੇ ਉਹਨਾਂ ਨੂੰ ਬੇਝਿਜਕ ਆਪਣੀ ਮੁਸ਼ਕਲ ਦੱਸੋਂ ਪੂਰੀ ਯੂਨੀਅਨ ਉਹਨਾਂ ਦੇ ਨਾਲ ਖੜ੍ਹ ਜਾਵੇਗੀ।ਇਸ ਸਮੇਂ ਤਰਸੇਮ ਸਿੰਘ ਨੇ ਵਾਅਦਾ ਕੀਤਾ ਕਿ ਜੇਕਰ ਕਿਸੇ ਵੀ ਦਫਤਰੀ ਕੰਮ ਦੀ ਜਰੂਰਤ ਹੋਵੇ ਤਾਂ ਉਹ ਮਦਦ ਕਰਨ ਲਈ ਦਫਤਰ ਵਿੱਚ ਪਹੁੰਚ ਜਾਣਗੇ।

# ਤਰਨਤਾਰਨ ਸ਼ਹਿਰ 'ਚ ਦੋ ਸਕੇ ਭਰਾਵਾਂ ਦੀ ਭੇਦ ਭਰੀ ਹਾਲਤ ਹੋਈ ਮੌਤ



**ਗੁਰਪ੍ਰੀਤ ਸਿੰਘ ਕੱਦ ਗਿੱਲ**
**ਤਰਨਤਾਰਨ, 8 ਮਾਰਚ**

ਤਰਨਤਾਰਨ ਸ਼ਹਿਰ ਬੀਤੀ ਦੇਰ ਰਾਤ ਸਹਿਰ ਵਿੱਚ ਡੀ.ਐਸ.ਪੀ. ਵਾਲੀ ਗਲੀ 'ਚ ਭੇਦਭਰੀ ਹਾਲਤ 'ਚ ਇੱਕ ਹੀ ਪਰਿਵਾਰ ਦੇ ਦੋ ਬੱਚਿਆਂ ਦੀ ਮੌਤ ਹੋਣ ਨਾਲ ਇਲਾਕੇ ਵਿੱਚ ਸੋਗ ਅਤੇ ਸਨਸਨੀ ਦਾ ਮਾਹੌਲ ਬਣ ਗਿਆ। ਦੋਵੇਂ ਬੱਚੇ ਆਪਸ ਵਿੱਚ ਭੈਣ-ਭਰਾ ਸਨ। ਮ੍ਰਿਤਕਾਂ ਬੱਚਿਆਂ ਦੀ ਪਹਿਚਾਣ 6 ਸਾਲਾ ਆਰਵ ਅਤੇ 9 ਸਾਲਾ ਦਾਨੀਕਾ ਵਜੋਂ ਹੋਈ ।

ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਬੱਚਿਆਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਬੀਤੀ ਰਾਤ ਚਾਪ ਖਾਣ ਤੋਂ ਬਾਅਦ ਦੋਵੇਂ ਬੱਚਿਆਂ ਦੀ ਅਚਾਨਕ ਤਬੀਅਤ ਖਰਾਬ ਹੋ ਗਈ ਸੀ। ਪਰਿਵਾਰ ਵੱਲੋਂ ਉਨ੍ਹਾਂ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ ਗਈ ਪਰ ਹਾਲਤ ਵਿਗੜਦੀ ਗਈ ਅਤੇ ਆਖਿਰਕਾਰ ਦੋਵਾਂ ਦੀ ਮੌਤ ਹੋ ਗਈ। ਦੂਜੇ ਪਾਸੇ ਘਟਨਾ ਦੀ ਸੂਚਨਾ ਮਿਲਣ ‘ਤੇ ਥਾਣਾ ਸਿਟੀ ਪੁਲਸ ਟੀਮ ਮੌਕੇ ‘ਤੇ ਪਹੁੰਚ ਕੇ ਦੇਵੇ ਲਾਸਾ ਆਪਣੇ ਕਬਜੇ ਵਿਚ ਲੈ ਕੇ ਤਰਨਤਾਰਨ ਸਿਵਲ ਹਸਪਤਾਲ ਪੋਸਟਮਾਰਟਮ ਕਰਵਾਉਣ ਲਈ ਦਾਖਲ ਕਰਵਾਈਆ ਗਈਆ ਹਨ। । ਮਾਮਲੇ ਦੀ ਬਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਵੱਲੋਂ ਬੱਚਿਆਂ ਦੀ ਮੌਤ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਲਈ ਹਰ ਪੱਖ ਤੋਂ ਜਾਂਚ ਕੀਤੀ ਜਾ ਰਹੀ ਹੈ।ਜੋ ਵਾਰਸਾ ਦੇ ਬਿਆਨਾ ਤੇ ਮਾਮਲਾ ਦਰਜ ਕੀਤਾ ਜਾ ਰਹੇ ਹੈ ।



# ਜਿਲ੍ਹਾ ਪ੍ਰਧਾਨ ਨੇ ਜਾਣਿਆ ਨਵਰੂਪ ਸਿੰਘ ਡਾਲੇਕੇ ਦਾ ਦੀ ਸਿਹਤ ਦਾ ਹਾਲ

## ਜ਼ਿਲ੍ਹਾ ਪ੍ਰਧਾਨ ਰਾਜਬੀਰ ਸਿੰਘ ਭੁੱਲਰ ਨਵਰੂਪ ਸਿੰਘ ਡਾਲੇਕੇ ਦੀ ਸਿਹਤ ਦਾ ਹਾਲ ਜਾਂਦੇ ਹੋਏ

**ਗੁਰਪ੍ਰੀਤ ਸਿੰਘ ਕੱਦ ਗਿੱਲ**
**ਤਰਨਤਾਰਨ,8 ਮਾਰਚ**

ਹਲਕਾ ਤਰਨਤਾਰਨ ਤੋਂ ਸੀਨੀਅਰ ਕਾਂਗਰਸੀ ਆਗੂ ਨਵਰੂਪ ਸਿੰਘ ਡਾਲੇਕੇ ਜੋ ਪਿਛਲੇ ਦਿਨੀਂ ਚੰਡੀਗੜ੍ਹ ਵਿਖੇ ਕਾਂਗਰਸ ਪਾਰਟੀ ਵੱਲੋਂ ਲੋਕਾਂ ਦੇ ਹੱਕਾਂ ਲਈ ਲਗਾਏ ਗਏ ਧਰਨੇ ਦੌਰਾਨ ਜ਼ਖਮੀ ਹੋ ਗਏ ਸਨ। ਅੱਜ ਉਨ੍ਹਾਂ ਦੇ ਗ੍ਰਹਿ ਵਿਖੇ ਉਨ੍ਹਾਂ ਦਾ ਹਾਲ-ਚਾਲ ਜਾਨਣ ਲਈ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਰਾਜਬੀਰ ਸਿੰਘ ਭੁੱਲਰ ਪੁਹੰਚੇ ਉਨ੍ਹਾਂ ਕਿਹਾ ਕਿ ਅਸੀਂ ਨਵਰੂਪ ਸਿੰਘ ਡਾਲੇਕੇ ਦੀ ਜਲਦੀ ਸਿਹਤਯਾਬੀ ਲਈ ਪ੍ਰਮਾਤਮਾਂ ਅੱਗੇ ਅਰਦਾਸ ਕਰਦੇ ਹਾਂ ਇਸ ਮੋਕੇ ਨਵਰੂਪ ਸਿੰਘ ਡਾਲੇਕੇ ਨੇ ਕਿਹਾ ਕਿ ਕਾਂਗਰਸ ਪਾਰਟੀ ਇੱਕ ਪਰਿਵਾਰ ਵਾਂਗ ਆਪਣੇ ਵਰਕਰ ਨਾਲ ਸਾਥ ਦਿੰਦੀ ਹੈ ਉਹਨਾ ਕਿਹਾ ਕਿ ਮੈ ਉਨ੍ਹਾਂ ਸਾਰੇ ਅਹੁਦੇਦਾਰ ਸਾਹਿਬਾਨ,ਭੈਣ,ਭਰਾਵਾਂ ਦਾ ਅਤੇ ਸਾਡੇ ਗ੍ਰਹਿ ਮੈਨੂੰ ਮਿਲਣ ਆਏ ਜਿਲਾ ਪ੍ਰਧਾਨ ਜੀ ਦਾ ਧੰਨਵਾਦ ਕਰਦਾ ਹਾਂ ਜੋ ਮੇਰੇ ਇਸ ਸਮੇ ਮੇਰੇ ਨਾਲ ਹਨ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com








## ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਨਾਲ ਦੁਰਵਿਵਹਾਰ ਹੋਣ ਤੇ ਦਫ਼ਤਰੀ ਕਾਮਿਆਂ ਵੱਲੋਂ ਕਲਮ ਛੋੜ ਹੜ੍ਹਤਾਲ ਕੀਤੀ ਗਈ



**ਤਰਨ ਤਾਰਨ 9 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਜ਼ਿਲ੍ਹਾ ਤਰਨ ਤਾਰਨ ਦੇ ਸਿਵਲ ਹਸਪਤਾਲ ਦੇ ਦਫ਼ਤਰੀ ਕਾਮਿਆਂ ਵੱਲੋਂ ਰੋਸ ਵਜੋਂ ਕਲਮ ਛੋੜ ਹੜ੍ਹਤਾਲ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੁਪਰਡੈਂਟ ਪੁਸ਼ਪਿੰਦਰ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਵੱਲੋਂ ਸਾਂਝੇ ਤੌਰ ਤੇ ਚੌਂਕ ਮੁਹਾਲੀ ਵਿਖੇ ਰੈਲੀ ਕਰਨ ਉਪਰੰਤ ਜਦ ਵਿਧਾਨ ਸਭਾ ਵੱਲ ਸ਼ਾਂਤਮਈ ਤਰੀਕੇ ਨਾਲ ਮਾਰਚ ਕੀਤਾ ਜਾ ਰਿਹਾ ਸੀ ਤਾਂ ਪੁਲਿਸ ਵੱਲੋਂ ਬੈਰੀਗੇਟ ਲਗਾਕੇ ਮੁਲਾਜ਼ਮਾਂ ਨੂੰ ਰੋਕਿਆ ਗਿਆ ਅਤੇ ਮੁਲਾਜ਼ਮਾਂ ਨਾਲ ਧੱਕਾ ਮੁੱਕੀ ਕੀਤੀ ਗਈ ਅਤੇ ਲਾਠੀਚਾਰਜ ਵੀ ਮੁਲਾਜ਼ਮਾਂ ਤੇ ਕੀਤਾ ਗਿਆ ਪਰ ਫਿਰ ਵੀ ਮੁਲਾਜ਼ਮਾਂ ਜਥੇਬੰਦੀਆਂ ਡਟੀਆਂ ਰਹੀਆਂ ਸਨ। ਫਿਰ ਮੁਲਾਜ਼ਮ ਜਥੇਬੰਦੀਆਂ ਤੇ ਅੱਥਰੂ ਗੈਸ ਦੇ ਗੋਲੇ ਸੁੱਟੇ ਗਏ ਜਿਸ ਕਾਰਨ ਕਈ ਮੁਲਾਜ਼ਮ ਫੱਟੜ ਹੋ ਗਏ ਸਨ।ਉਹਨਾਂ ਦੱਸਿਆ ਕਿ ਇਸ ਸਭ ਕੁਝ ਪੰਜਾਬ ਸਰਕਾਰ ਦੇ ਕਹਿਣ ਤੇ ਕੀਤਾ ਜਾ ਰਿਹਾ ਹੈ ਅਤੇ ਜਥੇਬੰਦੀਆਂ ਤੇ ਤਸ਼ੱਦਦ ਕੀਤਾ ਜਾ ਰਿਹਾ ਹੈ।ਉਹਨਾਂ ਦੱਸਿਆ ਕਿ ਰੋਸ ਵਜੋਂ ਅੱਜ ਜ਼ਿਲ੍ਹਾ ਤਰਨ ਤਾਰਨ ਵਿਖੇ ਕਲਮ ਛੋੜ ਹੜ੍ਹਤਾਲ ਕੀਤੀ ਗਈ ਹੈ।ਉਹਨਾਂ ਪ੍ਰਸ਼ਾਸ਼ਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਮੁਲਾਜ਼ਮਾਂ ਤੇ ਤਸ਼ੱਦਦ ਬੰਦ ਨਾ ਕੀਤਾ ਤਾਂ ਵੱਡੇ ਪੱਧਰ ਤੇ ਸੰਘਰਸ਼ ਕੀਤਾ ਜਾਵੇਗਾ।ਇਸ ਸਮੇਂ ਮੰਗ ਪੱਤਰ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾਕਟਰ ਵਰਿੰਦਰਪਾਲ ਕੌਰ ਨੂੰ ਸੌਂਪਿਆ ਗਿਆ।ਇਸ ਸਮੇਂ ਸੀਨੀਅਰ ਸਹਾਇਕ ਨਤਵੇਜ਼ ਸਿੰਘ,ਸੀਨੀਅਰ ਸਹਾਇਕ ਸਿਮਰਜੀਤ ਕੌਰ,ਕਲਰਕ ਬਲਜੀਤ ਕੌਰ,ਰਣਬੀਰ ਕੌਰ ਕਲਰਕ ਆਦਿ ਹਾਜਰ ਸਨ।










## ਇੰਜੀਨੀਅਰ ਸੁਖਵੀਰ ਸਿੰਘ ਮੁੰਡੀ ਐਫਆਈਈ, ਕੌਂਸਲ ਮੈਂਬਰ ਆਈ.ਈ.ਆਈ ਨੂੰ 2025-2026 ਸੈਸ਼ਨ ਲਈ ਵਰਲਡ ਫੈਡਰੇਸ਼ਨ ਆਫ ਇੰਜੀਨੀਅਰਿੰਗ ਆਰਗੇਨਾਈਜ਼ੇਸ਼ਨ (ਆਈ.ਐਮ.ਸੀ-ਡਬਲਯੂ.ਐਫ.ਈ.ਓ.) ਦੀ ਭਾਰਤੀ ਮੈਂਬਰ ਕਮੇਟੀ ਵਜੋਂ ਨਾਮਜ਼ਦ ਕੀਤਾ ਗਿਆ



ਚੋਹਲਾ ਸਾਹਿਬ 10 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੌਹਲਾ)

ਇੰਸਟੀਚਿਊਸ਼ਨ ਆਫ਼ ਇੰਜੀਨੀਅਰਜ਼ (ਇੰਡੀਆ) ਦੇ ਪ੍ਰਧਾਨ ਨੇ ਪੰਜਾਬ ਅਤੇ ਚੰਡੀਗੜ੍ਹ ਸਟੇਟ ਸੈਂਟਰ ਦੇ ਕੌਂਸਲ ਮੈਂਬਰ ਇੰਜੀਨੀਅਰ ਸੁਖਵੀਰ ਸਿੰਘ ਮੁੰਡੀ ਐਫ.ਆਈ.ਈ. ਨੂੰ 2025-2026 ਸੈਸ਼ਨ ਲਈ ਵਰਲਡ ਫੈਡਰੇਸ਼ਨ ਆਫ਼ ਇੰਜੀਨੀਅਰਿੰਗ ਆਰਗੇਨਾਈਜ਼ੇਸ਼ਨ (ਆਈ.ਐਮ.ਸੀ-ਡਬਲਯੂ.ਐਫ.ਈ.ਓ) ਦੀ ਭਾਰਤੀ ਮੈਂਬਰ ਕਮੇਟੀ ਵਜੋਂ ਨਾਮਜ਼ਦ ਕੀਤਾ। ਆਈ.ਈ.ਆਈ ਡਬਲਯੂ.ਐਫ.ਈ.ਓ ਦਾ ਮੈਂਬਰ ਹੈ ਅਤੇ ਇਹ ਸੰਸਥਾ ਸੰਗਠਨ ਦੀ ਭਾਰਤੀ ਸ਼ਾਖਾ ਦੀ ਨੁਮਾਇੰਦਗੀ ਕਰਦੀ ਹੈ। ਵਰਲਡ ਫੈਡਰੇਸ਼ਨ ਆਫ਼ ਇੰਜੀਨੀਅਰਿੰਗ (ਡਬਲਯੂ.ਐਫ.ਈ.ਓ) ਦੀ ਸਥਾਪਨਾ 1968 ਵਿੱਚ ਯੂਨੈਸਕੋ ਦੇ ਸ਼ੁਭਕਾਮਨਾਵਾਂ ਹੇਠ ਕੀਤੀ ਗਈ ਸੀ ਅਤੇ ਪੈਰਿਸ, ਫਰਾਂਸ ਵਿੱਚ ਯੂਨੈਸਕੋ ਇਮਾਰਤ ਦੇ ਅੰਦਰ ਆਪਣਾ ਦਫਤਰ ਰੱਖਦੀ ਹੈ। ਇਹ ਇੰਜੀਨੀਅਰਿੰਗ ਪੇਸ਼ੇ ਲਈ ਇੱਕ ਵਿਸ਼ਵਵਿਆਪੀ ਸੰਗਠਨ ਹੈ। ਉਹਨਾਂ ਦੀ ਇਸ ਨਿਯੁਕਤੀ ਤੇ ਡਾ. ਬਲਜੀਤ ਸਿੰਘ, ਚੇਅਰਮੈਨ ਪੰਜਾਬ ਐਂਡ ਚੰਡੀਗੜ੍ਹ। ਸਟੇਟ ਸੈਂਟਰ ਆਈ.ਈ. ਆਈ. ਚੰਡੀਗੜ੍ਹ, ਕੌਂਸਲ ਮੈਂਬਰ ਆਈ.ਈ.ਆਈ. (ਕੰਪਿਊਟਰ ਡਿਵੀਜ਼ਨ) ਇੰਡੀਆ ਅਤੇ ਰਜਿਸਟ੍ਰਾਰ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਵੱਲੋਂ ਵਧਾਈ ਦਿੱਤੀ ਗਈ।

## ਇੰਜੀਨੀਅਰ ਸੁਖਬੀਰ ਸਿੰਘ ਮੁੰਡੀ ਦੀ ਨਾਮਜਦਗੀ ਨਾਲ ਪੰਜਾਬ ਅਤੇ ਭਾਰਤ ਦੇ ਇੰਜੀਨੀਅਰਿੰਗ ਖੇਤਰ ਲਈ ਮਾਣ ਵਾਲੀ ਗੱਲ.: ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ



ਚੋਹਲਾ ਸਾਹਿਬ 10 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੌਹਲਾ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਗੁਰੂ ਅਰਜਨ ਦੇਵ ਖਾਲਸਾ ਕਾਲਜ ਚੋਹਲਾ ਸਾਹਿਬ ਦੇ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਜੀ ਨੇ ਇੰਜੀਨੀਅਰ ਸੁਖਬੀਰ ਸਿੰਘ ਮੁੰਡੀ ਜੀ ਨੂੰ ਮੁਬਾਰਕਬਾਦ ਦਿੰਦੇ ਹੋਏ ਦੱਸਿਆ ਕਿ ਸਾਡੇ ਲਈ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਇੰਸਟੀਚਿਊਸ਼ਨ ਆਫ ਇੰਜੀਨੀਅਰਿੰਗ ਇੰਡੀਆ ਦੇ ਪ੍ਰਧਾਨ ਵੱਲੋਂ ਪੰਜਾਬ ਅਤੇ ਚੰਡੀਗੜ੍ਹ ਸਟੇਟ ਸੈਂਟਰ ਦੇ ਕੌਂਸਲ ਮੈਂਬਰ ਇੰਜੀਨੀਅਰ ਸੁਖਬੀਰ ਸਿੰਘ ਮੁੰਡੀ ਐਫ.ਆਈ. ਈ. ਨੂੰ ਸਾਲ 2026-2027 ਦੇ ਸੈਸ਼ਨ ਲਈ ਵਰਲਡ ਫੈਡਰੇਸ਼ਨ ਆਫ ਇੰਜੀਨੀਅਰਿੰਗ ਆਰਗਨਾਈਜੇਸ਼ਨ(IMC -WFEO) ਦੀ ਭਾਰਤੀ ਕਮੇਟੀ ਵਿੱਚ ਮੈਂਬਰ ਨਾਮਜਦ ਕੀਤਾ ਹੈ। ਆਈ.ਈ.ਆਈ. ਡਬਲਐਫਈਓ ਦਾ ਮੈਂਬਰ ਹੈ ਅਤੇ ਇਹ ਸੰਸਥਾ ਸੰਗਠਨ ਦੀ ਭਾਰਤੀ ਸ਼ਾਖਾ ਦੀ ਨੁਮਾਇੰਦਗੀ ਕਰਦੀ ਹੈ। ਵਰਲਡ ਫੈਡਰੇਸ਼ਨ ਆਫ ਇੰਜੀਨੀਅਰਿੰਗ ਡਬਲਯੂਐਈਓ ਦੀ ਸਥਾਪਨਾ 1968 ਵਿੱਚ ਯੂਨੈਸਕੋ ਦੇ ਸ਼ੁਭਕਾਮਨਾਵਾਂ ਹੇਠ ਕੀਤੀ ਗਈ ਸੀ। ਪੈਰਸ ਫਰਾਂਸ ਵਿੱਚ ਯੂਨੈਸਕੋ ਇਮਾਰਤ ਦੇ ਅੰਦਰ ਆਪਣਾ ਦਫਤਰ ਰੱਖਦਾ ਇਹ ਇੰਜੀਨੀਅਰਿੰਗ ਪੇਸ਼ੇ ਲਈ ਵਿਸ਼ਵ ਵਿਆਪੀ ਸੰਗਠਨ ਹੈ। ਇੰਸਟੀਟਿਊਸ਼ਨ ਆਫ ਇੰਜੀਨੀਅਰਿੰਗ ਡਬਲਐਫਈਓ ਦਾ ਇਕ ਮਹੱਤਵਪੂਰਨ ਮੈਂਬਰ ਹੈ ਅਤੇ ਸੰਸਥਾ ਭਾਰਤ ਵੱਲੋਂ ਅੰਤਰਰਾਸ਼ਟਰੀ ਸੰਗਠਨ ਵਿੱਚ ਨੁਮਾਇੰਦਗੀ ਕਰਦੀ ਹੈ। ਇਹ ਸੰਸਥਾ ਦੁਨੀਆਂ ਭਰ ਦੇ ਇੰਜੀਨੀਅਰਿੰਗ ਪੇਸ਼ੇ ਨਾਲ ਸੰਬੰਧਿਤ ਸੰਸਥਾਵਾਂ ਨੂੰ ਇੱਕ ਮੰਚ ਤੇ ਇਕੱਠਾ ਕਰਦੀ ਹੈ ਤੇ ਇੰਜੀਨੀਅਰਿੰਗ ਦੇ ਖੇਤਰ ਵਿੱਚ ਵਿਸ਼ਵ ਪੱਧਰ ਤੇ ਸਹਿਯੋਗ ਅਤੇ ਵਿਕਾਸ ਲਈ ਕੰਮ ਕਰਦੀ ਹੈ। ਇੰਜੀਨੀਅਰ ਸੁਖਬੀਰ ਸਿੰਘ ਮੁੰਡੀ ਦੀ ਇਸ ਮਹੱਤਵਪੂਰਨ ਨਾਮਜਦਗੀ ਨਾਲ ਪੰਜਾਬ ਅਤੇ ਭਾਰਤ ਦੇ ਇੰਜੀਨੀਅਰਿੰਗ ਖੇਤਰ ਲਈ ਮਾਣ ਵਾਲੀ ਗੱਲ ਹੈ। ਕਾਲਜ ਦੇ ਸਮੂਹ ਸਟਾਫ ਦੇ ਵੱਲੋਂ ਵੀ ਇੰਜੀ. ਸੁਖਬੀਰ ਸਿੰਘ ਮੁੰਡੀ ਨੂੰ ਇਸ ਮੌਕੇ ਤੇ ਵਿਸ਼ੇਸ਼ ਵਧਾਈਆਂ ਦਿੱਤੀਆਂ ਗਈਆਂ।

## ਸਰਕਾਰ ਨੇ ਮੁਲਾਜਮਾ ਅਤੇ ਪੈਨਸ਼ਨਰਾਂ ਨਾਲ ਕੀਤਾ ਧੋਖਾ- ਸਤਵਿੰਦਰ ਸਿੰਘ



ਗੁਰਪ੍ਰੀਤ ਸਿੰਘ ਕੱਦ ਗਿੱਲ

ਤਰਨਤਾਰਨ 8 ਮਾਰਚ

ਸਰਕਾਰ ਵੱਲੋਂ ਅੱਜ ਪੇਸ਼ ਕੀਤੇ ਕਿ ਬਜਟ ਤੇ ਜਾਣਕਾਰੀ ਸਾਂਝੀ ਕਰਦਿਆਂ ਮੁਲਾਜਮਾ ਆਗੂ ਸਤਵਿੰਦਰ ਸਿੰਘ ਨੇ ਕਿਹਾ ਕਿ ਜਿਵੇਂ ਕਿ ਪਹਿਲਾਂ ਹੀ ਦਿਸ ਰਿਹਾ ਸੀ ਤੇ ਸਰਕਾਰ ਮੁਲਾਜਮਾ ਅਤੇ ਪੈਨਸ਼ਨਰਾਂ ਦੀ ਕੋਈ ਵੀ ਮੰਗ ਨਹੀਂ ਮੰਨੇਗੀ ਉਸੇ ਤਰ੍ਹਾਂ ਹੀ ਸਰਕਾਰ ਨੇ ਬਜਟ ਵਿੱਚ ਕੀਤਾ। ਇਸ ਬਜਟ ਵਿੱਚ ਨਾ ਹੀ ਡੀ ਏ ਵਿੱਚੋ 16 ਫੀਸਦੀ ਦਿੱਤਾ ਅਤੇ ਨਾ ਬਾਕੀ ਮੰਗਾ ਵਿੱਚੋ ਕੋਈ ਮੰਗ ਪੂਰੀ ਕੀਤੀ।ਇਹ ਸਰਕਾਰ ਪੂਰੀ ਤਰ੍ਹਾਂ ਮੁਲਾਜਮ ਅਤੇ ਪੈਨਸ਼ਨਰਾਂ ਵਿਰੋਧੀ ਸਾਬਤ ਹੋਈ ਹੈ। ਸਰਕਾਰ ਦਾ ਚੇਹਰਾ ਪਹਿਲਾ ਹੀ ਦਿਸ ਰਿਹਾ ਸੀ ਕਿ ਸਰਕਾਰ ਕੋਈ ਰਾਹਤ ਦੇਣ ਵਾਲੀ ਨਹੀਂ ਹੈ। ਹੁਣ ਸਰਕਾਰ ਦਾ ਆਖਰੀ ਸਾਲ ਵਿੱਚ ਮੁਲਾਜਮਾ ਪੈਨਸ਼ਨਰ ਅਤੇ ਸਰਕਾਰ ਵਿਚ ਲੜਾਈ ਜਾਰੀ ਰਹੇਗੀ। ਹੁਣ ਅਸੀ ਸਰਕਾਰ ਨੂੰ ਇਸ ਦਾ ਹਾਰੁਨ ਦਾ ਕੰਮ ਕਰਾਂਗੇ। ਮੇਰੀ ਸਮੂਹ ਮੁਲਾਜਮਾ ਅਤੇ ਪੈਨਸ਼ਨਰਾਂ ਨੂੰ ਅਪੀਲ ਹੈ ਕਿ ਇਸ ਸਰਕਾਰ ਨੂੰ ਇਸ ਦੀ ਅਸਲੀ ਆਉਣ ਵਾਲੀਆਂ ਚੋਣਾਂ ਵਿੱਚ ਇਸ ਦਾ ਜਵਾਬ ਦੇਣ।

## ਸਰਕਾਰ ਮੁਲਾਜਮਾ ਦੇ ਸੰਘਰਸ ਨੂੰ ਨਹੀ ਦਬਾ ਸਕਦੀ- ਢਿਲੋਂ



ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨਤਾਰਨ 08 ਮਾਰਚ ਮੁਲਾਜ਼ਮ ਅਤੇ ਪੈਨਸ਼ਨਰਜ਼ ਯੂਨੀਅਨ ਸਾਂਝਾ ਫਰੰਟ ਪੰਜਾਬ ਦੇ ਸੱਦੇ ਤੇ ਵਿਧਾਨ ਸਭਾ ਚੰਡੀਗੜ੍ਹ ਵਿੱਖੇ ਚਲ ਰਹੇ ਸੈਸ਼ਨ ਤੱਕ ਮੁਲਾਜ਼ਮ ਮੰਗਾਂ ਦੀ ਅਵਾਜ਼ ਪਹੁੰਚਾਣ ਲਈ ਜੁਆਇੰਟ ਫੋਰਮ ਪਾਵਰ ਕਾਰਪੋਰੇਸ਼ਨ ਪੰਜਾਬ ਅਤੇ ਏਕਤਾ ਮੰਚ ਪੰਜਾਬ ਅਤੇ ਸੰਬੰਧਿਤ ਜਥੇਬੰਦੀਆਂ ਦੇ ਸੱਦੇ ਤੇ ਜਥੇਬੰਦਕ ਰੋਸ ਧਰਨੇ ਵਿੱਚ ਸ਼ਾਮਲ ਹੋਣ ਲਈ ਚੰਡੀਗੜ੍ਹ ਗਏ ਮੁਲਾਜ਼ਮਾਂ ਸਰਕਾਰ ਵੱਲੋਂ ਕੀਤੇ ਗਏ ਲਾਠੀਚਾਰਜ ਦੀ ਜਥੇਬੰਦੀ ਇੰਪਲਾਈਜ ਫੈਡਰੇਸ਼ਨ ਪਹਿਲਵਾਨ ਵਲੋਂ ਐਮਰਜੈਸੀ ਵੱਰਚੁਅਲ ਮੀਟਿੰਗ ਕਰਕੇ ਹੋਏ ਲਾਠੀਚਾਰਜ ਦੀ ਸਖਤ ਨਿੰਦਾ ਕੀਤੀ।ਸੂਬਾ ਆਗੂ ਗੁਰਭੇਜ ਸਿੰਘ ਢਿੱਲੋਂ ਨੇ ਕਿਹਾ ਕਿ ਸਰਕਾਰ ਨੂੰ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦੀ ਬਜਾਏ ਮੁਲਾਜ਼ਮਾਂ ਤੇ ਪੈਨਸ਼ਨਰਾਂ ਤੇ ਤਸ਼ੱਦਦ ਕਰਕੇ ਦਬਾਇਆ ਨਹੀਂ ਜਾ ਸਕਦਾ ਮੁਲਾਜ਼ਮਾਂ ਤੇ ਪੈਨਸ਼ਨਰ ਇਸ ਦਾ ਡੱਟ ਕੇ ਮੁਕਾਬਲਾ ਕਰਨਗੇ ਅਤੇ ਆਪਣੀਆ ਹੱਕੀ ਮੰਗਾਂ ਮੰਨਵਾਉਣ ਤੱਕ ਸਘੰਰਸ਼ ਜਾਰੀ ਰੱਖਣਗੇ।



## ਸੰਘਰਸ਼ੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਤੇ ਅੱਥਰੂ ਗੈਸ ਦੇ ਗੋਲੇ ਦਾਗਣ ਦੀ ਨਿੰਦਾ

### ਖਿਲਾਫ਼ 11 ਦੀ ਰੈਲੀ ਵਿੱਚ ਵਹੀਰਾਂ ਘੱਤ ਕੇ ਪਹੁੰਚਣ ਦਾ ਸੱਦਾ

ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ 8 ਮਾਰਚ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੱਦੇ ਤੇ ਸੂਬਾ ਭਰ ਤੋਂ ਮੁਹਾਲੀ ਰੈਲੀ ਵਿੱਚ ਪੁੱਜੇ ਮੁਲਾਜ਼ਮਾਂ , ਪੈਨਸ਼ਨਰਾਂ ਸਮੇਤ ਸਿਵਲ ਸਕੱਤਰੇਤ ਅਤੇ ਡਾਇਰੈਕਟੋਰੇਟ ਦੇ ਦਫਤਰੀ ਕਾਮਿਆਂ ਜੋ ਮੁਲਾਜ਼ਮ ਮੰਗਾਂ ਤੇ ਪੰਜਾਬ ਸਰਕਾਰ ਵੱਲੋਂ ਵੱਟੀ ਚੁੱਪ ਖਿਲਾਫ਼ ਵਿਧਾਨ ਸਭਾ ਵੱਲ ਪੁਰਅਮਨ ਤਰੀਕੇ ਨਾਲ ਰੋਸ ਮਾਰਚ ਕਰ ਰਹੇ ਸਨ ਤੇ ਪੰਜਾਬ ਪੁਲਿਸ ਵੱਲੋਂ ਜਲ ਤੋਪਾਂ ਦੀਆਂ ਬੁਛਾੜਾਂ ਮਾਰਨ ਅਤੇ ਅੱਥਰੂ ਗੈਸ ਦੇ ਗੋਲੇ ਦਾਗਣ ਦੀ ਬਿਜਲੀ ਕਾਮਿਆਂ ਅਤੇ ਪੈਨਸ਼ਨਰਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਪੀਐਸਈਬੀ ਇੰਪਲਾਈਜ਼ ਜੁਆਇੰਟ ਫੋਰਮ ,ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ,ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ ,ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ ,ਪਾਵਰਕਾਮ ਅਤੇ ਟ੍ਰਾਂਸਕੋ ਪੈਨਸ਼ਨਰਜ ਯੂਨੀਅਨ ਪੰਜਾਬ ਸਬੰਧਤ ਏਟਕ ,ਪੈਨਸ਼ਨਰ ਵੈਲਫੇਅਰ ਫੈਡਰੇਸ਼ਨ ਪਹਿਲਵਾਨ ਦੇ ਆਗੂਆਂ ਰਤਨ ਸਿੰਘ ਮਜਾਰੀ , ਗੁਰਪ੍ਰੀਤ ਸਿੰਘ ਗੰਡੀਵਿੰਡ, ਹਰਪਾਲ ਸਿੰਘ ,ਗੁਰਵੇਲ ਸਿੰਘ ਬੱਲਪੁਰੀਆ ,ਬਲਦੇਵ ਸਿੰਘ ਮੰਡਾਲੀ ਨੇ ਤਿੱਖੇ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਆਗੂਆਂ ਨੇ ਅਫਸੋਸ ਜ਼ਾਹਰ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੇ ਬਜਟ ਵਿੱਚ ਸੱਤ ਲੱਖ ਮੁਲਾਜਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਨੂੰ ਅਣਗੌਲਿਆਂ ਕਰਨ ਖਿਲਾਫ਼ ਐਤਵਾਰ ਨੂੰ ਪੁਰਅਮਨ ਤਰੀਕੇ ਨਾਲ ਕੀਤੇ ਜਾ ਰਹੇ ਰੋਸ ਮਾਰਚ ਨੂੰ ਜਬਰੀ ਰੋਕ ਕੇ ਹੱਕ ਮੰਗਦੇ ਲੋਕਾਂ ਨੂੰ ਖਦੇੜਨ ਲਈ ਔਰਤਾਂ ਤੱਕ ਨੂੰ ਵੀ ਵਹਿਸ਼ੀ ਤਰੀਕੇ ਨਾਲ ਮੁਹਾਲੀ ਪੁਲਿਸ ਵੱਲੋਂ ਪਾਣੀ ਦੀਆਂ ਬੁਛਾੜਾਂ,ਅਥਰੂ ਗੈਸ ਦੇ ਗੋਲੇ ਦਾਗਣ ਅਤੇ ਡਾਂਗਾਂ ਮਾਰਨ ਦੀ ਪੰਜਾਬ ਸਰਕਾਰ ਦੀ ਘਟੀਆ ਨੀਤੀ ਦਾ ਸੰਘਰਸ਼ਸ਼ੀਲ ਲੋਕ ਮੂੰਹ ਤੋੜ ਜਵਾਬ ਦੇਣਗੇ । ਸਾਂਝੇ ਥੜੇ ਦੇ ਆਗੂਆਂ ਕੁਲਵਿੰਦਰ ਸਿੰਘ ਢਿੱਲੋਂ , ਗੁਰਭੇਜ ਸਿੰਘ ਢਿੱਲੋਂ , ਸਰਿੰਦਰਪਾਲ ਸਿੰਘ ਲਹੌਰੀਆ, ਬਲਜੀਤ ਸਿੰਘ ਮੋਦਲਾ ,ਦਵਿੰਦਰ ਸਿੰਘ ਪਿਸੋਰ , ਰਵੇਲ ਸਿੰਘ ਸਹਾਏਪੁਰ , ਰਣਜੀਤ ਸਿੰਘ ਢਿੱਲੋਂ, ਜਸਵੀਰ ਸਿੰਘ ਆਂਡਲੂ ,ਰਾਧੇਸ਼ਿਆਮ ,ਬੀ ਐਸ ਸੇਖੋਂ , ਕੌਰ ਸਿੰਘ ਸੋਹੀ, ਦਲੀਪ ਕੁਮਾਰ, ਪਵਨਪ੍ਰੀਤ ਸਿੰਘ , ਗੁਰਪਿਆਰ ਸਿੰਘ ਆਦਿ ਨੇ ਸਰਕਾਰ ਨੂੰ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਇਸ ਧੱਕੇਸ਼ਾਹੀ ਦਾ ਜਵਾਬ ਭਵਿੱਖ ਵਿੱਚ ਜਰੂਰ ਦਿੱਤਾ ਜਾਵੇਗਾ ।ਉਨ੍ਹਾਂ ਕਿਹਾ ਕੇ ਸਾਂਝੇ ਫਰੰਟ ਵੱਲੋਂ 11 ਮਾਰਚ ਤੱਕ ਉਲੀਕਿਆ ਸੰਘਰਸ਼ ਪੂਰੀ ਤਾਕਤ ਨਾਲ ਕੀਤਾ ਜਾਵੇਗਾ ਕਿਉਂਕਿ ਪੰਜਾਬ ਸਰਕਾਰ ਨੇ ਬਦਲਾਅ ਦੇ ਝੂਠੇ ਨਾਅਰੇ ਲਗਾ ਕੇ ਸਤਾ ਹਥਿਆਉਣ ਲਈ ਜੋ ਵਾਅਦੇ ਕੀਤੇ ਸਨ ਉਹਨਾਂ ਵਿਚੋਂ ਇੱਕ ਵੀ ਪੂਰਾ ਨਹੀਂ ਕੀਤਾ। ਆਗੂਆਂ ਨੇ ਮਾਨ ਸਰਕਾਰ ਵੱਲੋਂ ਕੀਤੇ ਵਾਅਦੇ ਮੁਤਾਬਕ ਪੁਰਾਣੀ ਪੈਨਸ਼ਨ ਬਹਾਲ ਤਾਂ ਕੀ ਕਰਨੀ ਹੈ ਸਗੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਮਹਿੰਗਾਈ ਭੱਤਾ ਵੀ ਪੱਕੇ ਤੌਰ ਤੇ ਰੋਕ ਲਿਆ ਹੈ। ਆਗੂਆਂ ਨੇ ਪੰਜਾਬ ਸਰਕਾਰ ਦੇ ਹੈਂਕੜ ਰਵੱਈਆ ਤੋੜਣ ਲਈ ਬਿਜਲੀ ਕਾਮਿਆਂ, ਪੈਨਸ਼ਨਰਾਂ, ਕੱਚੇ ਕਾਮਿਆਂ , ਆਸ਼ਾ, ਮਿੱਡ ਡੇ ਮੀਲ ਅਤੇ ਆਂਗਣਵਾੜੀ ਵਰਕਰਾਂ ਨੂੰ 11 ਮਾਰਚ ਦੀ ਮੁਹਾਲੀ ਰੈਲੀ ਵਿੱਚ ਵਹੀਰਾਂ ਘੱਤ ਕੇ ਪਹੁੰਚਣ ਦਾ ਸੱਦਾ ਦਿੱਤਾ ਹੈ।

## ਸੇਵਾ ਮੁਕਤ ਕਾਨੂੰਗੋ ਚੌਧਰੀ ਦੌਲਤ ਰਾਮ ਸਿੰਘ ਥਿੰਦ ਦਾ ਮਨਾਇਆ 96ਵਾਂ ਜਨਮ ਦਿਨ :ਜਸਵੀਰ ਸ਼ਰਮਾ ਦੱਦਾਹੂਰ



*ਇਸ ਮੌਕੇ ਸਭ ਤੋਂ ਪਹਿਲਾਂ ਐਸੋਸੀਏਸ਼ਨ ਦੇ ਸਰਪ੍ਰਸਤ ਚੌਧਰੀ ਦੌਲਤ ਰਾਮ ਸਿੰਘ ਥਿੰਦ ਸੇਵਾ ਮੁਕਤ ਕਾਨੂੰਗੋ ਦਾ 96ਵਾਂ ਜਨਮ ਦਿਨ ਮਨਾਇਆ ਗਿਆ। ਕੇਕ ਕੱਟਣ ਉਪਰੰਤ ਹਾਰ ਪਹਿਨਾ ਕੇ ਉਨ੍ਹਾਂ ਨੂੰ ਵਧਾਈ ਦਿੱਤੀ ਗਈ ਅਤੇ ਤੰਦਰੁਸਤ ਲੰਮੀ ਉਮਰ ਦੀ ਕਾਮਨਾ ਕੀਤੀ ਗਈ।*

ਸ੍ਰੀ ਮੁਕਤਸਰ ਸਾਹਿਬ 8 ਮਾਰਚ (ਜਸਵੀਰ ਸ਼ਰਮਾਂ)

()-ਸੀਨੀਅਰ ਸਿਟੀਜ਼ਨ ਵੈਲਫੇਅਰ ਐਸੋਸੀਏਸ਼ਨ ਦੀ ਮੀਟਿੰਗ ਸਥਾਨਕ ਸਿਟੀ ਹੋਟਲ ਵਿਖੇ ਹੋਈ। ਜਿਸ ਵਿੱਚ ਵੱਖ-ਵੱਖ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਭਾਗ ਲਿਆ। ਇਸ ਮੌਕੇ ਸਭ ਤੋਂ ਪਹਿਲਾਂ ਐਸੋਸੀਏਸ਼ਨ ਦੇ ਸਰਪ੍ਰਸਤ ਚੌਧਰੀ ਦੌਲਤ ਰਾਮ ਸਿੰਘ ਥਿੰਦ ਸੇਵਾ ਮੁਕਤ ਕਾਨੂੰਗੋ ਦਾ 96ਵਾਂ ਜਨਮ ਦਿਨ ਮਨਾਇਆ ਗਿਆ। ਕੇਕ ਕੱਟਣ ਉਪਰੰਤ ਹਾਰ ਪਹਿਨਾ ਕੇ ਉਨ੍ਹਾਂ ਨੂੰ ਵਧਾਈ ਦਿੱਤੀ ਗਈ ਅਤੇ ਤੰਦਰੁਸਤ ਲੰਮੀ ਉਮਰ ਦੀ ਕਾਮਨਾ ਕੀਤੀ ਗਈ। ਇਸ ਮੌਕੇ ਸਟੇਜ ਸਕੱਤਰ ਜਸਵੰਤ ਸਿੰਘ ਬਰਾੜ ਨੇ ਚੌਧਰੀ ਦੌਲਤ ਰਾਮ ਵੱਲੋਂ ਸਮਾਜ ਸੇਵਾ ਦੇ ਖੇਤਰ ਵਿੱਚ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਉਨ੍ਹਾਂ ਜੀਵਨ ਦੇ ਲੰਮੇ ਪੈਂਡੇ ਦੌਰਾਨ ਹਮੇਸ਼ਾ ਸਮਾਜ ਸੇਵਾ ਨੂੰ ਜਿੱਥੇ ਤਰਜੀਹ ਦਿੱਤੀ, ਉਥੇ ਉਨ੍ਹਾਂ ਦਾ ਸਾਦਗੀ ਨਾਲ ਬਿਤਾਇਆ ਤੰਦਰੁਸਤ ਜੀਵਨ ਨੌਜਵਾਨ ਪੀੜ੍ਹੀ ਤੇ ਹੀ ਪ੍ਰੇਰਨਾ ਸਰੋਤ ਹੈ। ਇਸ ਮੌਕੇ ਸੀਨੀਅਰ ਨਾਗਰਿਕਾਂ ਦੀਆਂ ਮੁਸ਼ਕਿਲਾਂ ਸਬੰਧੀ ਵਿਚਾਰ ਵਟਾਂਦਰੇ ਤੋਂ ਇਲਾਵਾ ਸ਼ਹਿਰ ਦੇ ਵਿਕਾਸ ਕਾਰਜਾਂ ਸਬੰਧੀ ਵੀ ਚਰਚਾ ਕੀਤੀ। ਗੀਤਕਾਰ ਤੇ ਲੇਖਕ ਜਸਵੀਰ ਸ਼ਰਮਾ ਦੱਦਾਹੂਰ ਵੱਲੋਂ ਗੀਤ ਪੇਸ਼ ਕੀਤਾ ਗਿਆ ਅਤੇ ਹੋਰ ਬੁਲਾਰਿਆਂ ਨੇ ਵੀ ਵਿਚਾਰ ਪੇਸ਼ ਕੀਤੇ। ਇਸ ਤੋਂ ਇਲਾਵਾ ਵਿਸ਼ੇਸ਼ ਤੌਰ ਤੇ ਬੇਦਾਗ ਪੱਤਰਕਾਰ ਪੁਰਸਕਾਰ ਨਾਲ ਸਨਮਾਨਿਤ ਹੋਏ ਅਦਾਰਾ ਅਜੀਤ ਦੇ ਸਟਾਫ਼ ਰਿਪੋਰਟਰ ਰਣਜੀਤ ਸਿੰਘ ਢਿੱਲੋਂ ਨੂੰ ਵੀ ਹਾਰ ਪਹਿਨਾ ਕੇ ਵਧਾਈ ਦਿੱਤੀ ਗਈ। ਇਸ ਮੌਕੇ ਸ਼ਾਮ ਲਾਲ ਗੋਇਲ, ਗੋਬਿੰਦ ਸਿੰਘ ਦਾਬੜਾ, ਬੂਟਾ ਰਾਮ ਕਮਰਾ, ਪ੍ਰੇਮ ਬੇਰੀ, ਗੁਰਟੇਕ ਸਿੰਘ ਬਰਾੜ, ਹੀਰਾ ਲਾਲ ਧੂੜੀਆ, ਸਰਬਜੀਤ ਸਿੰਘ ਦਰਦੀ, ਨਛੱਤਰ ਸਿੰਘ ਸੰਧੂ, ਅਮਰਜੀਤ ਸਿੰਘ ਉੱਪਲ,ਪਰਮਪਾਲ ਸਿੰਘ ਆਹੂਜਾ, ਪਰਮਜੀਤ ਸਿੰਘ ਗਿੱਲ, ਬਲਜੀਤ ਸਿੰਘ, ਅਨੂਪ ਸਿੰਘ ਭਾਟੀਆ, ਸੁਰਿੰਦਰਪਾਲ ਸਿੰਘ ਥਿੰਦ, ਭਾਰਤ ਭੂਸ਼ਣ ਵਧਵਾ, ਜਸਪਾਲ ਸਿੰਘ ਬਜਾਜ ਆਦਿ ਹਾਜ਼ਰ ਸਨ।ਇਹ ਜਾਣਕਾਰੀ ਪ੍ਰੈਸ ਨੂੰ ਵਿਰਸੇ ਦੇ ਸਟੇਟ ਐਵਾਰਡੀ ਲੇਖਕ ਜਸਵੀਰ ਸ਼ਰਮਾ ਦੱਦਾਹੂਰ ਨੇ ਦਿੱਤੀ।

## ਰੱਬ ਦੀ ਪੁਕਾਰ 🌸💕



ਓ ਰਾਣੂੰ,
ਨੇੜੇ ਆ ਤਾਂ ਜ਼ਰਾ !
ਦਿਲ ਦਾ ਹਾਲ
ਸੁਣਾ ਤਾ ਜ਼ਰਾ !

ਕੀ ਤੇਰੇ ਨਾਲ ਬੀਤੀ ਏ
ਆ ਮੇਰੇ ਕੋਲ ਬਹਿ ਕੇ
ਸਮਝਾ ਤਾਂ ਜ਼ਰਾ।

ਅੱਖਾਂ ਤੇਰੀਆ ਦੱਸ ਦੀਆਂ ਨੇ
ਤੂੰ ਰੋਇਆ ਏ
ਆ ਹੁਣ ਮੈਨੂੰ ਹੱਸ ਕੇ
ਦਿਖਾ ਤੇ ਜ਼ਰਾ।

ਜ਼ਿੰਦਗੀ ਨੂੰ ਅਜ਼ਮਾਇਆ
ਫਿਰ ਕਿ ਹੋਇਆ,
ਤੂੰ ਮੈਨੂੰ ਇਕ ਵਾਰ
ਅਜ਼ਮਾ ਤਾਂ ਜ਼ਰਾ ।

ਹਾਸੇ ਖੇੜੇ ਸਭ ਮਿਲ ਜਾਣਾ ,
ਸੱਚੇ ਮਨ ਤੋਂ ਮੇਰਾ ਨਾਮ
ਧਿਆ ਤਾਂ ਜ਼ਰਾ ।

ਰਾਣੂ ਦਰ ਦਰ ਤੋਂ ਜੇ
ਠੋਕਰਾਂ ਖਾ ਕੇ ਬੈਠਾ ,
ਮੇਰੇ ਦਰ ਤੇ ਆ ਸੀਸ
ਝੁਕਾ ਤਾਂ ਜ਼ਰਾ ।।।।।

ਗੁਰਜੀਤ ਕੌਰ ਰਾਣੂ ✍🏻..

## ਸਵੇਰ ਸੁਨੇਹਾ




ਖ਼ਾਸ ਦਿਵਸ 'ਤੇ ਖ਼ਾਸ ਵਰਗ ਨੂੰ ਖ਼ਾਸ ਤੋਹਫ਼ਾ ਦੇਣ ਦਾ ਐਲਾਨ ਕੀਤਾ ਗਿਆ। ਪੈਸੇ ਨਾਲ ਜਨਮਦਾਤੀ ਦਾ ਕਰਜ਼ ਤੇ ਮਮਤਾ ਦਾ ਮੁੱਲ ਮੋੜਿਆ ਨਹੀਂ ਜਾ ਸਕਦਾ। ਉਨ੍ਹਾਂ ਨੂੰ ਬਣਦਾ ਸਤਿਕਾਰ ਦੇਣ ਦੀ ਸੌਂਹ ਗ੍ਰਹਣ ਕਰਨ ਦੀ ਕੋਸ਼ਿਸ਼ ਕਰੋ।

ਚੌਧਰ ਦੇ ਭੁੱਖਿਆਂ ਦੀ ਲੜਾਈ ਕਾਰਨ ਤਕਰੀਬਨ ਡੇਢ,ਦੋ ਸੋ ਵਿਦਿਆਰਥਣਾਂ ਮੌਤ ਦੀ ਭੇਂਟ ਚੜ੍ਹ ਗਈਆਂ। ਮਾਰਨ ਵਾਲੇ ਵੀ ਉਨ੍ਹਾਂ ਦੇ ਜਨਮੇ ਬੱਚੇ ਸਨ। ਜਿਨ੍ਹਾਂ ਨੇ ਮਿਜ਼ਾਈਲਾਂ ਤੇ ਗੋਲੇ ਦਾਗੇ ਹਨ।

ਔਰਤ ਨੂੰ ਕੰਮਕਾਰ ਵਾਲੀ ਤੇ ਕਮਜ਼ੋਰ ਸਮਝਣ ਵਾਲੇ ਕਦੋਂ ਤੱਕ ਅਬਲਾ ਕਹਿ ਕੇ, ਸਹਾਇਤਾ ਦੇ ਕੇ ਵੋਟਾਂ ਹਾਸਲ ਕਰਨ ਦਾ ਸੁਪਨਾ ਪਾਲਦੇ ਰਹਿਣਗੇ।

ਗੁਰਮੀਤ ਸਿੰਘ ਸਿੱਧੂ ਕਾਨੂੰਗੋ ਫਰੀਦਕੋਟ।
8146593089

## ਪੈਸਾ ਘਰ ਤੇ ਲੱਗੇ ਹਸਪਤਾਲਾਂ ਚ ਨਾ,




ਪੈਸਾ ਘਰ ਤੇ ਲੱਗੇ ਹਸਪਤਾਲਾਂ
ਚ ਨਾ,
ਮਨ ਧੰਦਿਆਂ ਚ ਉੱਲਝੇ
ਸਵਾਲਾਂ ਚ ਨਾ !
ਰਣਜੀਤ ਮਿਲਕੇ ਹੁੰਦੇ
ਗਿਲੇ-ਸ਼ਿਕਵੇ ਹਰ
ਤਰਾਂ ਦੇ ਦੂਰ,ਆਪਸੀ ਖਾਸ
ਗੱਲ-ਬਾਤ
ਨਿਬੜਿਆ ਕਰਦੀ ਖਿਆਲਾਂ
ਚ ਨਾ !

..................................

(ਰੋਟੀ,ਕੱਪੜਾ ਤੇ ਮਕਾਨ ਜਿਆਦਾਤਰ
ਸਵਾਣੀਆਂ ਇਨ੍ਹਾਂ ਤਿੰਨ ਸੁਖਾਂ ਦੇ
ਇਰਦ-ਗਿਰਦ ਘੁੰਮ ਕੇ ਜੀਵਨ ਗੁਜਾਰ ਦਿੰਦੀਆਂ )
Happy Women's Day
Ranjit Kaur Toronto ✍🏻

## 35ਵੀ ਵਿਆਹ ਦੀ ਵਰ੍ਹੇਗੰਢ ਮਨਾਈ



ਸੁਖਚੈਨ ਸਿੰਘ ਅਤੇ ਰਾਜਬੀਪ ਕੌਰ ਵਾਸੀ ਤਰਨਤਾਰਨ ਨੇ 35ਵੀ ਵਿਆਹ ਦੀ ਵਰ੍ਹੇਗੰਢ ਮਨਾਈ

# ਇਸ ਵਾਰ ਦੇ ਅਕਾਦਮੀ ਇਲੈਕਸ਼ਨ ਵਿੱਚ ਨਿਰਪੱਖ ਰਹਿਣਾ ਬਿਹਤਰ ਲੱਗਿਆ। ਇਸ ਲਈ ਲੱਗਿਆ ਕਿ ਦੋ ਸਾਲਾਂ ਵਿੱਚ ਅਕਾਦਮੀ ਨੇ ਮੈਨੂੰ ਕਦੇ ਕਿਸੇ ਗਿਣਤੀ ਵਿੱਚ ਨਹੀਂ ਲਿਆ।




ਇਸ ਵਾਰ ਦੇ ਅਕਾਦਮੀ ਇਲੈਕਸ਼ਨ ਵਿੱਚ ਨਿਰਪੱਖ ਰਹਿਣਾ ਬਿਹਤਰ ਲੱਗਿਆ। ਇਸ ਲਈ ਲੱਗਿਆ ਕਿ ਦੋ ਸਾਲਾਂ ਵਿੱਚ ਅਕਾਦਮੀ ਨੇ ਮੈਨੂੰ ਕਦੇ ਕਿਸੇ ਗਿਣਤੀ ਵਿੱਚ ਨਹੀਂ ਲਿਆ। ਖੈਰ ਮੇਰੇ ਤੇ ਅਕਸਰ ਜੱਟਵਾਦ ਦਾ ਠੱਪਾ ਲੱਗਦਾ ਹੈ। ਮੈਨੂੰ ਜੱਟ ਹੋਣ ਦੇ ਮਾਣ ਵੀ ਹੈ। ਹੋਣਾ ਵੀ ਚਾਹੀਦਾ ਹਰ ਬੰਦੇ ਨੂੰ। ਇਸ ਲਈ ਮੈਂ ਆਪਣੇ ਆਪ ਨੂੰ ਇਸ ਤੋਂ ਇੱਕ ਵਿੱਥ ਤੇ ਕਰ ਲਿਆ। ਸੁਣਿਆ ਹੈ ਪ੍ਰਧਾਨ ਤੋਂ ਇਲਾਵਾ ਸਾਰੇ ਅਹੁਦਿਆਂ ਤੇ ਸਰਵ ਸੰਮਤੀ ਹੋ ਗਈ। ਵੈਸੇ ਤਾਂ ਪ੍ਰਧਾਨ ਤੋਂ ਬਿਨਾਂ ਇਹ ਹੋਣੀ ਨਹੀਂ ਚਾਹੀਦੀ। ਪ੍ਰਧਾਨ ਮੁੱਖ ਹੁੰਦਾ ਹੈ। ਪ੍ਰਧਾਨ ਉਹ ਚਿਹਰਾ ਹੈ ਜੋ ਸਾਰੀ ਟੀਮ ਦਾ ਪ੍ਰਤਿਨਿਧ ਕਰਦਾ ਹੈ।

ਹੁਣ ਸੁਣਿਆ ਹੈ ਕਿ ਬਹੁਤੇ ਸਾਹਿਤਕਾਰ ਇਕੱਠੇ ਹੋ ਕੇ ਸਮਰਥਨ ਕਰ ਰਹੇ ਹਨ। ਜਿਹੜੇ ਕੁਝ ਸ਼ਰਤਾਂ ਰੱਖ ਕੇ ਸਮਰਥਨ ਕਰ ਰਹੇ ਹਨ। ਉਹ ਤਾਂ ਜਾਤੀ ਮੁਫਾਦ ਲਈ ਕਰ ਰਹੇ ਹਨ। ਪਰ ਜਿਨਾਂ ਨੇ ਸਿਰਫ ਪੰਜਾਬੀਅਤ ਦੀ ਖਾਤਰ ਸਮਰਥਨ ਦਿੱਤਾ ਹੈ ਉਹ ਇੱਕ ਸ਼ੁਭ ਸੰਕੇਤ ਹੈ। ਪਰ ਇੱਕ ਗੱਲ ਸਮਝ ਲੈਣ ਦੀ ਜ਼ਰੂਰਤ ਹੈ ਜਦੋਂ ਸਾਡਾ ਦੂਜਿਆਂ ਬਿਨਾਂ ਸਰਦਾ ਹੀ ਨਹੀਂ ਤੇ ਸਾਨੂੰ ਅਖੀਰ ਉਹਨਾਂ ਦੇ ਸਮਰਥਨ ਦੀ ਲੋੜ ਪੈਂਦੀ ਹੈ ਤਾਂ ਫਿਰ ਉਹਨਾਂ ਨੂੰ ਵਿੱਥ ਤੇ ਰੱਖਣਾ ਹੀ ਕਿਉਂ? ਅਸੀਂ ਸਾਹਿਤ ਦੇ ਖੇਤਰ ਵਿੱਚ ਸਿਰਫ ਸਾਹਿਤਕਾਰ ਹੁੰਦੇ ਹਾਂ। ਇਸ ਗੱਲ ਨੂੰ ਸਮਝਣ ਤੋਂ ਕਿਉਂ ਨਾਕਾਮਯਾਬ ਹੋ ਜਾਂਦੇ ਹਾਂ ਕਿ ਕਿਸੇ ਸਾਹਿਤਕਾਰ ਦੀ ਲਿਖਤ/ਵਿਚਾਰਧਾਰਾ ਉਸ ਦੀ ਸ਼ਖਸੀਅਤ ਤੋਂ ਵੱਡੀ ਹੁੰਦੀ ਹੈ। ਇੱਕ ਕਾਰਡ ਸਾਂਝਾ ਕੀਤਾ ਗਿਆ ਹੈ ਜਿਸ ਵਿੱਚ ਤਕਰੀਬਨ ਸਾਰੇ ਹੀ ਵੱਡੇ ਸਾਹਿਤਕਾਰਾਂ ਦੇ ਨਾਂ ਹਨ। ਇਹ ਦੇਖ ਕੇ ਖੁਸ਼ੀ ਹੋਈ। ਭੱਜੀਆਂ ਬਾਹਵਾਂ ਗਲ ਵੱਲ ਹੀ ਆਉਂਦੀਆਂ ਹਨ। ਆਪਣਿਆਂ ਦੀ ਅਹਿਮੀਅਤ ਨੂੰ ਮਹਿਸੂਸ ਕੀਤਾ ਗਿਆ ਤੇ ਅਪਣੱਤ ਜਤਾਈ ਗਈ। ਇਹ ਪੰਜਾਬੀ ਸਾਹਿਤ ਲਈ ਸ਼ੁਭ ਸੰਕੇਤ ਹੈ।

ਵਿਚਾਰਧਾਰਾ ਦਾ ਵਖਰੇਵਾਂ ਦੁਸ਼ਮਣੀ ਨਹੀਂ ਹੁੰਦੀ। ਕਿਸੇ ਦੇ ਹੱਕ ਵਿੱਚ ਹੋਣਾ ਕਿਸੇ ਦੇ ਵਿਰੋਧ ਵਿੱਚ ਹੋਣਾ ਨਹੀਂ ਹੁੰਦਾ। ਮੈਨੂੰ ਯਾਦ ਹੈ ਕਿ ਪਿਛਲੀਆਂ ਚੋਣਾਂ ਵਿੱਚ ਮੈਂ ਜੌਹਲ ਸਾਹਿਬ ਦਾ ਸਮਰਥਨ ਕੀਤਾ ਤੇ ਉਸ ਤੋਂ ਬਾਅਦ ਕਿਸ ਤਰ੍ਹਾਂ ਦਾ ਪ੍ਰੋਪਗੰਡਾ ਮੇਰੇ ਬਾਰੇ ਕੀਤਾ ਗਿਆ। ਕਿਸ ਤਰ੍ਹਾਂ ਦੇ ਮੈਸੇਜ ਕਿਸ ਤਰ੍ਹਾਂ ਦੇ ਕਮੈਂਟ ਕੀਤੇ ਗਏ। ਪ੍ਰਗਤੀਸ਼ੀਲ ਕਹਾਉਣ ਵਾਲੇ ਇੱਕ ਔਰਤ ਦੇ ਕਿਰਦਾਰ ਤੇ ਇਸ ਤਰ੍ਹਾਂ ਚਿੱਕੜ ਸੁੱਟਣ ਲੱਗੇ ਜਿਵੇਂ ਸਾਰਾ ਖਤਰਾ ਦੇਸ਼ ਨੂੰ ਉਸ ਔਰਤ ਤੋਂ ਹੋਵੇ। ਪਰ ਖੈਰ ਕੋਈ ਨਹੀਂ। ਕਹਿੰਦੇ ਨੇ ਕਾਵਾਂ ਦੇ ਨੂੰਗਿਆਂ ਨਾਲ ਢੱਗੇ ਨਹੀਂ ਮਰਦੇ।

ਅਜਿਹੇ ਲੋਕਾਂ ਦੀ ਮੈਂ ਕਦੇ ਪਰਵਾਹ ਨਹੀਂ ਕੀਤੀ। ਜਦੋਂ ਪੰਜਾਬੀ ਦੀ ਗੱਲ ਆਈ ਤਾਂ ਡਾਕਟਰ ਲਖਵਿੰਦਰ ਜੌਹਲ ਅਤੇ ਡਾਕਟਰ ਸਰਬਜੀਤ ਨੇ ਮਿਲ ਕੇ ਕੰਮ ਕੀਤਾ। ਉਹਨਾਂ ਨੇ ਇੱਕ ਮਿਸਾਲ ਕਾਇਮ ਕੀਤੀ।

ਸਾਡੇ ਪੰਜਾਬੀ ਪਰਿਵਾਰਾਂ ਵਿੱਚ ਲਾਣੇਦਾਰ ਦੀ ਮੰਨੀ ਜਾਂਦੀ ਹੈ। ਜੋ ਲਾਣੇਦਾਰ ਕਹੇ ਉਹ ਸਹੀ ਕਿਉਂਕਿ ਉਸ ਕੋਲ ਜ਼ਿੰਦਗੀ ਦਾ ਤਜਰਬਾ ਹੁੰਦਾ ਹੈ। ਹੁਣ ਜਦੋਂ ਡਾ ਵਰਿਆਮ ਸੰਧੂ ਅਤੇ ਡਾ ਸੁਖਦੇਵ ਸਿੰਘ ਸਿਰਸਾ ਸਾਡੇ ਵੱਡੇ ਇਹ ਚਾਹੁੰਦੇ ਹਨ ਕਿ ਸਾਰੇ ਇੱਕ ਹੋਵੋ ਤਾਂ ਸਾਰਿਆਂ ਨੂੰ ਇੱਕ ਹੋ ਜਾਣਾ ਚਾਹੀਦਾ ਹੈ। ਜਿੱਥੋਂ ਉਹ ਦੇਖ ਰਹੇ ਹਨ ਉਥੋਂ ਏਕੇ ਦੀ ਜਰੂਰਤ ਹੋਵੇਗੀ ਇਸੇ ਲਈ ਉਹਨਾਂ ਨੇ ਕਿਹਾ।


ਅਸੀਂ ਤਾਂ ਭਾਈ ਲਾਣੇਦਾਰ ਦੇ ਕਹੇ ਵਿੱਚ ਚੱਲਣ ਵਾਲੇ ਲੋਕ ਹਾਂ। ਜਿੱਥੇ ਕਹਿਣਗੇ ਉੱਥੇ ਖੜ੍ਹੇ ਹਾਂ। ਸਾਨੂੰ ਸਭ ਨੂੰ ਡਾ ਸਰਬਜੀਤ ਦਾ ਸਮਰਥਨ ਕਰਨਾ ਚਾਹੀਦਾ ਹੈ ਤੇ ਉਹਨਾਂ ਦੀ ਜਿੱਤ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

ਸਾਰੀ ਜ਼ਿੰਦਗੀ ਇੱਕ ਇਹ ਵਿੱਚ ਬਰਕਤ ਹੈ ਪੜ੍ਹਦੇ ਰਹੇ ਹਾਂ। ਚਲੋ ਫਿਰ ਇਸ ਵਾਰ ਇਸ ਨੂੰ ਅਜ਼ਮਾ ਵੀ ਲਈਏ।

ਬਾਕੀ ਕਿਹਾ ਸੁਣਿਆ ਮਾਫ ਕਰਿਓ।

ਲੇਖਕ : ਹਰਪ੍ਰੀਤ ਕੌਰ ਸੰਧੂ।

# ਜੇ ਆਈ ਪੱਤਝੜ ਤਾਂ ਫੇਰ ਕੀ ਹੈ ,ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ ,ਮੈਂ ਲੱਭ ਕੇ ਕਿਤਿਓਂ ਲਿਆਉਨਾਂ ਕਲਮਾਂ ,ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ।



ਸੁਰਜੀਤ ਪਾਤਰ ਸਾਹਿਬ ਦੀਆਂ ਇਹ ਲਾਈਨਾਂ ਸਾਨੂੰ ਸਾਰਿਆਂ ਨੂੰ ਕਿੰਨੀ ਵੱਡੀ ਪ੍ਰੇਰਨਾ ਦਿੰਦੀਆਂ ਹਨ ਕਿ ਜੇਕਰ ਰੁੱਖ ਪੱਤਝੜ ਵਿੱਚ ਆਪਣੇ ਸਾਰੇ ਪੱਤੇ ਅਤੇ ਸੁੰਦਰਤਾ ਗਵਾ ਬੈਠਦੇ ਹਨ ਅਤੇ ਉਹਨਾਂ ਨੂੰ ਆਸ ਹੁੰਦੀ ਹੈ ਕਿ ਅਸੀਂ ਦੁਬਾਰਾ ਤੋਂ ਆਉਣ ਵਾਲੀ ਬਸੰਤ ਰੁੱਤ ਵਿੱਚ ਫਿਰ ਹਰੇ ਭਰੇ ਹੋ ਜਾਣਾ ਹੈ ਅਤੇ ਸਾਡੀ ਸੁੰਦਰਤਾ ਫਿਰ ਮੁੜ ਆਉਣੀ ਹੈ ਓਹ ਏਸੇ ਉਡੀਕ ਵਿੱਚ ਅਡੋਲ ਖੜ੍ਹੇ ਰਹਿੰਦੇ ਹਨ ਅਤੇ ਆਹ ਮਹੀਨੇ ਮਾਰਚ ਵਿੱਚ ਫੁੱਲਾਂ ਬੂਟਿਆਂ ਤੇ ਜਦੋਂ ਨਵੀਆਂ ਕਰੂੰਬਲਾਂ ਫੁੱਟਦੀਆਂ ਹਨ ਤਾਂ ਕਿੰਨੀਆਂ ਸੋਹਣੀਆਂ ਲੱਗਦੀਆਂ ਹਨ ਅਤੇ ਮੌਸਮ ਬੜਾ ਖੁਸ਼ਗਵਾਰ ਮਹਿਸੂਸ ਹੁੰਦਾ ਹੈ ਚਾਰੇ ਪਾਸੇ ਹਰਿਆਲੀ ਪਸਰ ਜਾਂਦੀ ਹੈ ,ਇਸ ਸਭ ਤੋਂ ਸਾਨੂੰ ਮਨੁੱਖਾਂ ਨੂੰ ਵੀ ਸਿੱਖਣ ਦੀ ਲੋੜ ਹੈ ਕਿ ਜੇਕਰ ਕੋਈ ਔਖਾ ਸਮਾਂ ਆਉਂਦਾ ਹੈ ਤਾਂ ਅਸੀਂ ਰੁੱਖਾਂ ਵਾਂਗ ਅਡੋਲ ਰਹੀਏ ਕਿਉਂਕਿ ਸਾਡੇ ਮਨੁੱਖਾਂ ਵਿੱਚ ਵੀ ਕੁਦਰਤ ਨੇ ਏਨੀ ਤਾਕਤ ਬਖ਼ਸ਼ੀ ਹੁੰਦੀ ਹੈ ਕਿ ਅਸੀਂ ਫਿਰ ਤੋਂ ਉਸ ਔਖੇ ਸਮੇਂ ਦੇ ਝਾੜੇ ਝੁੰਬੇ ਪੁੰਗਰਨ ਦੀ ਸਮਰੱਥਾ ਰੱਖਦੇ ਹਾਂ, ਜਿੰਨਾਂ ਰੁੱਖਾਂ ਦੀਆਂ ਕਰੂੰਬਲਾਂ ਫਿਰ ਫੁੱਟਦੀਆਂ ਹਨ ਉਸਦਾ ਮਤਲਬ ਹੁੰਦਾ ਹੈ ਕਿ ਓਹਨਾਂ ਉੱਤੇ ਭਰ ਸਰਦੀ ਦਾ ਅਸਰ ਨਹੀਂ ਹੋਇਆ ਓਹ ਖਤਮ ਨਹੀਂ ਹੋਏ ਕਿਉਂਕਿ ਉਹ ਮਜ਼ਬੂਤ ਸਨ ਬਹੁਤ ਰੁੱਖ ਜਿੰਨਾਂ ਦੀਆਂ ਜੜ੍ਹਾਂ ਕਮਜ਼ੋਰ ਹੁੰਦੀਆਂ ਹਨ ਓਹ ਸਰਦੀ ਨੂੰ ਸਹਾਰ ਨਹੀਂ ਸਕਦੇ ਤੇ ਸੁੱਕ ਜਾਂਦੇ ਹਨ ਇਸੇ ਤਰ੍ਹਾਂ ਜਿਹੜੇ ਮਨੁੱਖ ਮਜ਼ਬੂਤ ਇਰਾਦੇ ਦੇ ਹੁੰਦੇ ਹਨ ਓਹ ਔਖੇ ਸਮੇਂ ਵਿੱਚ ਵੀ ਆਪਣੇ ਆਪ ਨੂੰ ਮਜ਼ਬੂਤ ਬਣਾਈ ਰੱਖਦੇ ਹਨ ਅਤੇ ਮੁਰਝਾਉਂਦੇ ਨਹੀਂ ਹਨ ,ਮਾੜਾ ਸਮਾਂ ਓਹਨਾਂ ਦੇ ਮਜ਼ਬੂਤ ਇਰਾਦਿਆਂ ਨੂੰ ਤੋੜਦਾ ਨਹੀਂ ਤੇ ਉਹ ਫਿਰ ਨਵੇਂ ਸਿਰੇ ਤੋਂ ਆਪਣੇ ਆਪ ਨੂੰ ਖੜ੍ਹਾ ਕਰ ਲੈਂਦੇ ਹਨ। ਸੋ ਔਖੇ ਸਮੇਂ ਤੋਂ ਘਬਰਾਓ ਨਾ ਇਹ ਸਦਾ ਰਹਿਣ ਵਾਲਾ ਨਹੀਂ ਹੁੰਦਾ , ਪਰਿਵਰਤਨਸ਼ੀਲ ਹੁੰਦਾ ਹੈ ਸੋ ਸਾਨੂੰ ਆਪਣੇ ਇਰਾਦੇ ਪ੍ਰਪੱਕ ਰੱਖਣ ਦੀ ਜਰੂਰਤ ਹੁੰਦੀ ਹੈ ਤਾਂ ਕਿ ਅਸੀਂ ਏਹੋ ਜਿਹੇ ਸਮੇਂ ਤੋਂ ਛੇਤੀ ਬਾਹਰ ਨਿਕਲ ਕੇ ਨਵੇਂ ਸਿਰੇ ਤੋਂ ਆਪਣੇ ਰਾਹਾਂ ਤੇ ਫਿਰ ਤੁਰ ਪਈਏ।✍️

ਹਰਵਿੰਦਰ ਕੌਰ ਕਾਹਲੋਂ

**Cee7 NEWS** ਸਭਾ ਦੇ ਪ੍ਰਧਾਨ ਜਗਜੀਤ ਸਿੰਘ ਝੱਤਰਾ ਦੀ ਅਗਵਾਈ ਹੇਠ ਕਰਵਾਏ ਗਏ ਸਮਾਗਮ ਵਿੱਚ ਇਲਾਕੇ ਦੇ ਕਵੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ

# ਲਿਖਾਰੀ ਸਾਹਿਤ ਸਭਾ ਝੱਤਰੇ ਵੱਲੋਂ ਸਾਹਿਤਕਾਰ ਡਾ ਸਾਧੂ ਰਾਮ ਲੰਗੇਆਣਾ ਦਾ ਕੀਤਾ ਸਨਮਾਨ

ਲਿਖਾਰੀ ਸਾਹਿਤ ਸਭਾ ਪਿੰਡ ਝੱਤਰਾ ਵੱਲੋਂ ਹਾਸ ਵਿਅੰਗ ਦੇ ਖੇਤਰ ਵਿੱਚ ਚਰਚਿਤ ਵਿਅੰਗਕਾਰ ਅਤੇ ਉੱਘੇ ਬਾਲ ਸਾਹਿਤ ਲੇਖਕ ਡਾ ਸਾਧੂ ਰਾਮ ਲੰਗੇਆਣਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਸਭਾ ਦੇ ਪ੍ਰਧਾਨ ਜਗਜੀਤ ਸਿੰਘ ਝੱਤਰਾ ਦੀ ਅਗਵਾਈ ਹੇਠ ਕਰਵਾਏ ਗਏ ਸਮਾਗਮ ਵਿੱਚ ਇਲਾਕੇ ਦੇ ਕਵੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ ਇਸ ਮੌਕੇ ਕੰਵਲਜੀਤ ਭੋਲਾ ਲੰਡੇ ਵੱਲੋਂ ਡਾ ਸਾਧੂ ਰਾਮ ਲੰਗੇਆਣਾ ਦੇ ਸਾਹਿਤਕ ਸਫ਼ਰ ਬਾਰੇ ਚਾਨਣਾ ਪੌਂਦਿਆਂ ਦੱਸਿਆ ਕਿ ਲੇਖਕ ਹੁਣ ਤੱਕ 10 ਕਿਤਾਬਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਪਾ ਚੁੱਕਿਆ ਹੈ ਇਸ ਤੋਂ ਇਲਾਵਾ ਦੋ ਬਾਲ ਸਾਹਿਤ ਨਾਲ ਸਬੰਧਤ ਪੁਸਤਕਾਂ "ਦਾਦੀ ਮਾਂ" (ਕਾਵਿ ਪੁਸਤਕ) ਅਤੇ "ਭੂਤਾਂ ਦੇ ਸਿਰਨਾਵੇਂ" ਨਾਵਲ ਨੂੰ ਪੰਜਾਬ ਦੇ ਸਰਕਾਰੀ ਸਕੂਲਾਂ ਦੀਆਂ ਲਾਇਬਰੇਰੀਆਂ ਵਾਸਤੇ ਪ੍ਰਮਾਣਿਤ ਕੀਤਾ ਗਿਆ ਹੈ ਇਸ ਦੌਰਾਨ ਸਭਾ ਦੇ ਮੈਂਬਰਾਂ ਵੱਲੋਂ ਉਹਨਾਂ ਨੂੰ ਲੋਈ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਮੌਕੇ ਬੋਲਦਿਆਂ ਹੋਇਆਂ ਸਾਹਿਤਕਾਰ ਡਾ ਸਾਧੂ ਰਾਮ ਲੰਗੇਆਣਾ ਨੇ ਕਿਹਾ ਕਿ ਲੇਖਕਾਂ ਵੱਲੋਂ ਪੰਜਾਬੀ ਮਾਂ ਬੋਲੀ ਦੀ ਸੇਵਾ ਵਾਸਤੇ ਲਿਖਿਆ ਸਾਹਿਤ ਕਦੇ ਵੀ ਪੁਰਾਣਾ ਨਹੀਂ ਹੁੰਦਾ। ਉਨ੍ਹਾਂ ਮਿਸਾਲ ਪੇਸ਼ ਕਰਦਿਆਂ ਕਿਹਾ ਕਿ ਜੋ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਜੋ ਉਨ੍ਹਾਂ ਦੀਆਂ ਪੁਸਤਕਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਉਨ੍ਹਾਂ ਵਿੱਚੋਂ ਇੱਕ ਸਭ ਤੋਂ ਪਹਿਲੀ ਪੁਸਤਕ ਦਾਦੀ ਮਾਂ ਤਕਰੀਬਨ 16 ਸਾਲ ਪਹਿਲਾਂ ਪ੍ਰਕਾਸ਼ਿਤ ਹੋਈ ਸੀ ਅਤੇ ਨਾਵਲ ਦੋ ਸਾਲ ਪਹਿਲਾਂ ਪ੍ਰਕਾਸ਼ਿਤ ਹੋਇਆ ਸੀ ਇਸ ਦੌਰਾਨ ਕਵੀ ਦਰਬਾਰ ਵਿੱਚ,



ਹਰੀਦਾਸ ਚੌਹਾਨ, ਸੁਖਰਾਜ ਜੀਰਾ,ਜਗਦੀਸ਼ ਪ੍ਰੀਤਮ, ਗੁਰਸੇਵਕ ਸਿੰਘ ਖਜਾਨਚੀ,ਜਸਵੰਤ ਜੱਸੀ, ਆਤਮਾ ਸਿੰਘ ਆਲਮਗੀਰ, ਸੁਖਜਿੰਦਰ ਸਿੰਘ ਜਨਰਲ ਸਕੱਤਰ, ਦਲਜੀਤ ਸਿੰਘ ਪੱਧਰੀ ,ਧਰਮਜੀਤ ਸਿੰਘ ਘੱਲ ਕਲਾਂ, ਪ੍ਰਿਤਪਾਲ ਸਿੰਘ ਸੰਧੂ , ਇਕਬਾਲ ਸਿੰਘ ਮਨਾਵਾ, ਸਰਬਜੀਤ ਸਿੰਘ ਢਿੱਲੋਂ ਪੱਧਰੀ ,ਸੁਖਜਿੰਦਰ ਸਿੰਘ ਝੱਤਰਾ, ਕੈਪਟਨ ਜਸਵੰਤ ਸਿੰਘ ਪੰਡੋਰੀ, ਨੇਕ ਸਿੰਘ,ਸੁਖਚੈਨ ਸਿੰਘ ਠੱਠੀ ਭਾਈ, ਜਸਵੰਤ ਸਿੰਘ ਸਿੱਧੂ ਬਾਘਾ ਪੁਰਾਣਾ ,ਅਰਸ਼ਦੀਪ ਸ਼ਰਮਾ , ਕੰਵਲਜੀਤ ਭੋਲਾ ਲੰਡੇ ,ਜਸਵੀਰ ਸ਼ਰਮਾ ਦੱਦਾਹੂਰ, ਜਸਵਿੰਦਰ ਸਿੰਘ, ਸੋਨੀ ਮੋਗਾ , ਪ੍ਰਦੀਪ ਸਿੱਧੂ ਅਲੀਪੁਰ ,ਬਲਵਿੰਦਰ ਸਿੰਘ ਬਿੱਲਾ, ਜੱਗਾ ਸਿੰਘ ਆਦਿ ਹਾਜ਼ਰ ਸਨ ।ਇਸ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਜਸਵੀਰ ਸ਼ਰਮਾ ਦੱਦਾਹੂਰ ਵੱਲੋਂ ਬਾਖ਼ੂਬੀ ਨਿਭਾਈ ਗਈ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

# ਇਰਾਨ ਯੁੱਧ ਕਾਰਨ ਤੇਲ ਦੀਆਂ ਕੀਮਤਾਂ ਵਿੱਚ ਰਿਕਾਰਡ ਵਾਧਾ: ਸਰਕਾਰਾਂ ਆਰਥਿਕ ਝਟਕੇ ਰੋਕਣ ਲਈ ਦੌੜ-ਭੱਜ ਵਿੱਚ

## ਪੱਛਮੀ ਏਸ਼ੀਆ ਵਿੱਚ ਇਰਾਨ ਨਾਲ ਚੱਲ ਰਹੀ ਜੰਗ ਨੇ ਦੁਨੀਆ ਭਰ ਦੀਆਂ ਆਰਥਿਕਤਾਵਾਂ ਨੂੰ ਭਿਆਨਕ ਝਟਕਾ ਦਿੱਤਾ ਹੈ।





ਪੱਛਮੀ ਏਸ਼ੀਆ ਵਿੱਚ ਇਰਾਨ ਨਾਲ ਚੱਲ ਰਹੀ ਜੰਗ ਨੇ ਦੁਨੀਆ ਭਰ ਦੀਆਂ ਆਰਥਿਕਤਾਵਾਂ ਨੂੰ ਭਿਆਨਕ ਝਟਕਾ ਦਿੱਤਾ ਹੈ। ਤੇਲ ਦੀਆਂ ਕੀਮਤਾਂ ਵਿੱਚ ਇੱਕ ਦਿਨ ਵਿੱਚ 25 ਫੀਸਦੀ ਤੱਕ ਦਾ ਰਿਕਾਰਡ ਵਾਧਾ ਹੋਇਆ ਹੈ, ਜੋ 2022 ਤੋਂ ਬਾਅਦ ਸਭ ਤੋਂ ਵੱਡਾ ਉਛਾਲ ਹੈ। ਬ੍ਰੈਂਟ ਕਰੂਡ ਦੀ ਕੀਮਤ $116.5 ਪ੍ਰਤੀ ਬੈਰਲ ਤੱਕ ਪਹੁੰਚ ਗਈ ਹੈ ਅਤੇ ਕਈ ਥਾਵਾਂ ਤੇ ਇੱਕ ਵਾਰ $114 ਤੋਂ ਵੀ ਉੱਪਰ ਚਲੀ ਗਈ। ਇਸ ਯੁੱਧ ਕਾਰਨ ਮੱਧ ਪੂਰਬ ਤੋਂ ਤੇਲ ਦੀ ਸਪਲਾਈ ਘੱਟ ਹੋ ਗਈ ਹੈ ਅਤੇ ਹਾਰਮੁਜ਼ ਦੀ ਖਾੜੀ ਬੰਦ ਹੋਣ ਕਾਰਨ ਸ਼ਿਪਿੰਗ ਵੀ ਰੁਕ ਗਈ ਹੈ। ਦੁਨੀਆ ਭਰ ਦੀਆਂ ਸਰਕਾਰਾਂ ਇਸ ਆਰਥਿਕ ਸੰਕਟ ਨੂੰ ਰੋਕਣ ਲਈ ਤੇਜ਼ੀ ਨਾਲ ਕਦਮ ਚੁੱਕ ਰਹੀਆਂ ਹਨ।

ਫਰਾਂਸੀ ਸਰਕਾਰੀ ਸੂਤਰਾਂ ਮੁਤਾਬਕ G7 ਦੇ ਵਿੱਤ ਮੰਤਰੀਆਂ ਦੀ ਅੱਜ ਹੋਣ ਵਾਲੀ ਐਮਰਜੈਂਸੀ ਮੀਟਿੰਗ ਵਿੱਚ ਐਮਰਜੈਂਸੀ ਤੇਲ ਰਿਜ਼ਰਵ ਬਾਜ਼ਾਰ ਵਿੱਚ ਛੱਡਣ ਦੀ ਚਰਚਾ ਹੋਵੇਗੀ। ਇਸ ਨਾਲ ਤੇਲ ਦੀਆਂ ਵਧਦੀਆਂ ਕੀਮਤਾਂ ਨੂੰ ਕਾਬੂ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਦੱਖਣੀ ਕੋਰੀਆ, ਜੋ ਆਪਣੀ 70 ਫੀਸਦ ਤੇਲ ਲੋੜ ਮੱਧ ਪੂਰਬ ਤੋਂ ਪੂਰੀ ਕਰਦਾ ਹੈ, ਨੇ ਰਾਸ਼ਟਰਪਤੀ ਲੀ ਜੇ ਮਯੁੰਗ ਵੱਲੋਂ ਲਗਭਗ 30 ਸਾਲਾਂ ਬਾਅਦ ਪਹਿਲੀ ਵਾਰ ਤੇਲ ਦੀਆਂ ਕੀਮਤਾਂ ਤੇ ਸੀਲਿੰਗ ਲਗਾਉਣ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਲੋਕਾਂ ਨੂੰ ਘਬਰਾਹਟ ਵਿੱਚ ਵਾਧੂ ਤੇਲ ਖਰੀਦਣ ਤੋਂ ਵੀ ਰੋਕਿਆ ਹੈ।

ਇਰਾਨ ਵੱਲੋਂ ਨਵਾਂ ਸੁਪਰੀਮ ਲੀਡਰ ਚੁਣੇ ਜਾਣ ਤੋਂ ਬਾਅਦ ਹਮਲੇ ਹੋਰ ਤੇਜ਼ ਹੋ ਗਏ ਹਨ। ਮਾਰੇ ਗਏ ਆਗੂ ਅਯਾਤੁੱਲਾ ਅਲੀ ਖਮੇਨਈ ਦੇ 56 ਸਾਲਾ ਪੁੱਤਰ ਮੁਜਤਬਾ ਖਮੇਨਈ ਨੂੰ ਨਵਾਂ ਰਾਜਪਾਲ ਬਣਾਇਆ ਗਿਆ ਹੈ। ਉਸ ਦਾ ਇਰਾਨੀ ਰੈਵੋਲਿਊਸ਼ਨਰੀ ਗਾਰਡ ਨਾਲ ਗੂੜ੍ਹਾ ਰਿਸ਼ਤਾ ਹੈ ਅਤੇ ਉਸ ਦੇ ਆਉਣ ਤੋਂ ਬਾਅਦ ਖਾੜੀ ਦੇਸ਼ਾਂ ਵਿੱਚ ਤੇਲ ਅਤੇ ਪਾਣੀ ਦੀਆਂ ਸਹੂਲਤਾਂ ਤੇ ਮਿਸਾਈਲ ਤੇ ਡਰੋਨ ਹਮਲੇ ਵਧ ਗਏ ਹਨ। ਸਾਊਦੀ ਅਰਬ ਨੇ ਇਰਾਨ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਗਲਫ਼ ਦੇਸ਼ਾਂ ਤੇ ਹਮਲੇ ਜਾਰੀ ਰਹੇ ਤਾਂ ਇਰਾਨ ਨੂੰ ਇਤਿਹਾਸਕ ਨੁਕਸਾਨ ਹੋਵੇਗਾ। ਬਹਿਰੀਨ ਨੇ ਵੀ ਇਰਾਨ ਤੇ ਪਾਣੀ ਦੇ ਪਲਾਂਟ ਤੇ ਹਮਲੇ ਦਾ ਇਲਜ਼ਾਮ ਲਾਇਆ ਹੈ। ਇਜ਼ਰਾਈਲੀ ਹਮਲਿਆਂ ਕਾਰਨ ਤਹਿਰਾਨ ਵਿੱਚ ਤੇਲ ਡਿਪੋਜ਼ ਤੋਂ ਧੂੰਆਂ ਉੱਠਦਾ ਦਿਸ ਰਿਹਾ ਹੈ।

ਭਾਰਤ ਤੇ ਵੀ ਇਸ ਦਾ ਗੰਭੀਰ ਅਸਰ ਪਿਆ ਹੈ। ਅੰਤਰਰਾਸ਼ਟਰੀ ਬਜ਼ਾਰ ਵਿੱਚ ਤੇਲ ਮਹਿੰਗਾ ਹੋਣ ਕਾਰਨ ਰੁਪਏ ਦੀ ਕੀਮਤ ਵਿੱਚ 46 ਪੈਸੇ ਦੀ ਗਿਰਾਵਟ ਆਈ ਹੈ ਅਤੇ ਇਹ 92.28 ਤੱਕ ਪਹੁੰਚ ਗਿਆ ਹੈ, ਜੋ ਲਗਭਗ ਰਿਕਾਰਡ ਘੱਟੋ-ਘੱਟ ਹੈ। ਸਟਾਕ ਮਾਰਕੀਟ ਵੀ ਭਾਰੀ ਗਿਰਾਵਟ ਵਿੱਚ ਹੈ – ਸੈਂਸੈਕਸ 2345 ਪੁਆਇੰਟ ਡਿੱਗ ਕੇ 76,573 ਤੇ ਅਤੇ ਨਿਫਟੀ 708 ਪੁਆਇੰਟ ਘੱਟ ਕੇ 23,741 ਤੇ ਆ ਗਿਆ ਹੈ। ਵਿਦੇਸ਼ੀ ਨਿਵੇਸ਼ਕਾਂ (FII) ਵੱਲੋਂ ਵੱਡੀ ਬਿਕਵਾਲੀ ਹੋ ਰਹੀ ਹੈ। ਅਮਰੀਕਾ ਨੇ ਭਾਰਤ ਨੂੰ ਅਪੀਲ ਕੀਤੀ ਹੈ ਕਿ ਉਹ ਸਮੁੰਦਰ ਵਿੱਚ ਰੂਸੀ ਤੇਲ ਵਾਲੀਆਂ ਕਿਸ਼ਤੀਆਂ ਤੋਂ ਤੇਲ ਖਰੀਦ ਕੇ ਰਿਫਾਈਨਰੀਆਂ ਵਿੱਚ ਭੇਜੇ ਤਾਂ ਜੋ ਗਲੋਬਲ ਸਪਲਾਈ ਦੀ ਘਾਟ ਪੂਰੀ ਹੋ ਸਕੇ। ਅਮਰੀਕੀ ਊਰਜਾ ਮੰਤਰੀ ਕ੍ਰਿਸ ਰਾਈਟ ਨੇ ਇਸ ਨੂੰ ਆਰਜ਼ੀ ਅਤੇ ਵਿਹਾਰਕ ਕਦਮ ਦੱਸਿਆ ਹੈ।

ਭਾਰਤੀ ਐਂਬੈਸੀ ਨੇ ਸਾਊਦੀ ਅਰਬ ਵਿੱਚ ਇੱਕ ਘਟਨਾ ਦੀ ਜਾਣਕਾਰੀ ਦਿੱਤੀ ਹੈ। ਅਲ-ਖਰਜ ਵਿੱਚ ਇੱਕ ਰਿਹਾਇਸ਼ੀ ਇਮਾਰਤ ਤੇ ਫੌਜੀ ਪ੍ਰੋਜੈਕਟਾਈਲ ਡਿੱਗਣ ਨਾਲ ਇੱਕ ਭਾਰਤੀ ਨਾਗਰਿਕ ਜ਼ਖ਼ਮੀ ਹੋਇਆ ਹੈ ਪਰ ਕੋਈ ਮੌਤ ਨਹੀਂ ਹੋਈ। ਐਂਬੈਸੀ ਅਧਿਕਾਰੀਆਂ ਨੇ ਹਸਪਤਾਲ ਵਿੱਚ ਜਾ ਕੇ ਹਾਲਾਤ ਦੀ ਜਾਂਚ ਕੀਤੀ ਹੈ।

ਇਸ ਤੋਂ ਇਲਾਵਾ ਬੈਲਿੰਗਕੈਟ ਦੀ ਇੱਕ ਖੋਜ ਵਿੱਚ ਖੁਲਾਸਾ ਹੋਇਆ ਹੈ ਕਿ ਇਰਾਨ ਦੇ ਮੀਨਾਬ ਵਿੱਚ ਇੱਕ ਸਕੂਲ ਤੇ ਹੋਏ ਹਮਲੇ ਵਿੱਚ 165 ਤੋਂ ਵੱਧ ਲੋਕਾਂ ਦੀ ਮੌਤ ਦਾ ਕਾਰਨ ਅਮਰੀਕੀ ਟੋਮਾਹਾਕ ਕਰੂਜ਼ ਮਿਸਾਈਲ ਹੈ। ਇਸ ਨਾਲ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਇਰਾਨ ਤੇ ਇਲਜ਼ਾਮ ਗਲਤ ਸਾਬਤ ਹੋ ਰਿਹਾ ਹੈ। ਇਹ ਪਹਿਲੀ ਵਾਰ ਹੈ ਜਦੋਂ ਹਮਲੇ ਵਿੱਚ ਵਰਤੇ ਹਥਿਆਰ ਦੀ ਪਛਾਣ ਹੋਈ ਹੈ ਅਤੇ ਅਮਰੀਕਾ ਦੀ ਭੂਮਿਕਾ ਤੇ ਸਵਾਲ ਉੱਠ ਰਹੇ ਹਨ।

ਗਲੋਬਲ ਮਾਰਕੀਟ ਵਿੱਚ ਸੋਨੇ ਦੀ ਕੀਮਤ 2 ਫੀਸਦੀ ਘੱਟ ਗਈ ਹੈ, ਡਾਲਰ ਮਜ਼ਬੂਤ ਹੋਣ ਨਾਲ ਵਿਆਜ ਦਰਾਂ ਘਟਾਉਣ ਦੀਆਂ ਉਮੀਦਾਂ ਘੱਟ ਹੋ ਗਈਆਂ ਹਨ। ਖੇਤੀ ਬਾਜ਼ਾਰ ਵਿੱਚ ਵੈਜੀਟੇਬਲ ਆਇਲ ਅਤੇ ਬਾਇਓਫਿਊਲ ਨਾਲ ਜੁੜੀਆਂ ਚੀਜ਼ਾਂ ਮਹਿੰਗੀਆਂ ਹੋ ਗਈਆਂ ਹਨ। ਐਲੂਮੀਨੀਅਮ ਵਰਗੀਆਂ ਧਾਤਾਂ ਦੀਆਂ ਕੀਮਤਾਂ ਵਧ ਗਈਆਂ ਹਨ ਪਰ ਡਾਲਰ ਦੀ ਮਜ਼ਬੂਤੀ ਕਾਰਨ ਹੋਰ ਧਾਤਾਂ ਨੂੰ ਨੁਕਸਾਨ ਹੋ ਰਿਹਾ ਹੈ।

ਇਸ ਯੁੱਧ ਨੇ ਦੁਨੀਆ ਭਰ ਦੇ ਉਪਭੋਗਤਾਵਾਂ ਤੇ ਭਾਰੀ ਬੋਝ ਪਾਇਆ ਹੈ। ਪੈਟਰੋਲ-ਡੀਜ਼ਲ, ਟ੍ਰਾਂਸਪੋਰਟ ਅਤੇ ਰੋਜ਼ਾਨਾ ਖਰਚਿਆਂ ਵਿੱਚ ਵਾਧਾ ਹੋਣ ਵਾਲਾ ਹੈ। ਭਾਰਤ ਵਰਗੇ ਤੇਲ ਆਯਾਤਕ ਤੇ ਇਸ ਦਾ ਸਿੱਧਾ ਅਸਰ ਪਵੇਗਾ ਕਿਉਂਕਿ ਭਾਰਤ ਆਪਣੀ ਵੱਡੀ ਤੇਲ ਲੋੜ ਮੱਧ ਪੂਰਬ ਤੋਂ ਪੂਰੀ ਕਰਦਾ ਹੈ। ਸਰਕਾਰਾਂ ਨੇ ਰਿਜ਼ਰਵ ਖੋਲ੍ਹਣ, ਆਯਾਤ ਵਿਭਿੰਨਤਾ ਅਤੇ ਲੋਕਾਂ ਨੂੰ ਸਾਵਧਾਨੀ ਵਾਲੀਆਂ ਅਪੀਲਾਂ ਜਾਰੀ ਕਰ ਰੱਖੀਆਂ ਹਨ। ਇਸ ਯੁੱਧ ਦਾ ਅੰਤ ਜਲਦੀ ਹੋਵੇ ਤਾਂ ਹੀ ਆਰਥਿਕ ਸਥਿਤੀ ਸੁਧਰ ਸਕਦੀ ਹੈ, ਨਹੀਂ ਤਾਂ ਮਹਿੰਗਾਈ ਅਤੇ ਮੰਦੀ ਦਾ ਖ਼ਤਰਾ ਵਧਦਾ ਜਾਵੇਗਾ।

ਪੰਜਾਬ ਅਤੇ ਭਾਰਤ ਦੇ ਲੋਕਾਂ ਨੂੰ ਵੀ ਇਸ ਸਮੇਂ ਬਚਤ ਅਤੇ ਘਬਰਾਹਟ ਤੋਂ ਬਚਣ ਦੀ ਲੋੜ ਹੈ। ਤੇਲ ਮਹਿੰਗਾ ਹੋਣ ਨਾਲ ਖਾਣ-ਪੀਣ ਵਾਲੀਆਂ ਚੀਜ਼ਾਂ, ਟ੍ਰਾਂਸਪੋਰਟ ਅਤੇ ਉਦਯੋਗਾਂ ਤੇ ਅਸਰ ਪਵੇਗਾ। ਸਰਕਾਰ ਨੂੰ ਰਿਜ਼ਰਵ ਤੇਲ ਦੀ ਵਰਤੋਂ ਅਤੇ ਰੂਸੀ ਤੇਲ ਖਰੀਦਣ ਵੱਲ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਆਮ ਆਦਮੀ ਤੇ ਬੋਝ ਘੱਟ ਹੋਵੇ। ਇਹ ਸਥਿਤੀ ਅਜੇ ਵੀ ਬਦਲ ਰਹੀ ਹੈ ਅਤੇ ਅਗਲੀਆਂ ਖ਼ਬਰਾਂ ਤੇ ਨਜ਼ਰ ਰੱਖਣੀ ਜ਼ਰੂਰੀ ਹੈ।

**Cee7 NEWS | ਪੰਜਾਬ ਦੇ ਸ਼ਹਿਰਾਂ ਵਿੱਚ ਹਵਾਈ ਸੇਵਾਵਾਂ ਸ਼ੁਰੂ ਕਰਨਾ ਜਾਂ ਵਧਾਉਣਾ ਨਿੱਜੀ ਏਅਰਲਾਈਨਾਂ ਦੇ ਹੱਥ: ਕੇਂਦਰ**

# ਮੁਨਾਫੇ ਦੇ ਆਧਾਰ 'ਤੇ ਰੂਟ ਤੇ ਜਹਾਜ਼ਾਂ ਦੀ ਗਿਣਤੀ ਤੈਅ ਕਰਦੀਆਂ ਹਨ ਨਿੱਜੀ ਏਅਰਲਾਈਨਾਂ



**ਕੇਂਦਰ ਸਰਕਾਰ ਨੇ ਸਪਸ਼ਟ ਕੀਤਾ ਹੈ ਕਿ ਪੰਜਾਬ ਦੇ ਸ਼ਹਿਰਾਂ ਤੋਂ ਉਡਾਣਾਂ ਸ਼ੁਰੂ ਕਰਨੀਆਂ ਜਾਂ ਵਧਾਉਣੀਆਂ ਪੂਰੀ ਤਰ੍ਹਾਂ ਨਿੱਜੀ ਏਅਰਲਾਈਨਾਂ ਦੇ ਹੱਥ ਵਿੱਚ ਹੈ। 1994 ਦੇ ਕਾਨੂੰਨੀ ਬਦਲਾਅ ਤੋਂ ਬਾਅਦ, ਕੰਪਨੀਆਂ ਆਪਣੀ ਮਰਜ਼ੀ ਅਨੁਸਾਰ ਰੂਟ ਅਤੇ ਜਹਾਜ਼ਾਂ ਦੀ ਗਿਣਤੀ ਤੈਅ ਕਰਦੀਆਂ ਹਨ। ਇਹ ਫੈਸਲੇ ਮੁੱਖ ਤੌਰ 'ਤੇ ਇਸ ਗੱਲ 'ਤੇ ਨਿਰਭਰ ਕਰਦੇ ਹਨ ਕਿ ਕਿਸੇ ਰੂਟ ਤੋਂ ਕੰਪਨੀ ਨੂੰ ਕਿੰਨਾ ਮੁਨਾਫਾ ਹੋ ਰਿਹਾ ਹੈ।**

ਸਰਕਾਰ ਨੇ ਦੱਸਿਆ ਕਿ ਪੰਜਾਬ ਦੇ ਛੋਟੇ ਹਵਾਈ ਅੱਡਿਆਂ ਨੂੰ ਦੇਸ਼ ਦੇ ਹਵਾਈ ਨੈੱਟਵਰਕ ਨਾਲ ਜੋੜਨ ਲਈ ਰਿਜਨਲ ਕੁਨੈਕਟੀਵਿਟੀ ਸਕੀਮ (RCS-UDAN) ਤਹਿਤ ਕੰਮ ਕੀਤਾ ਗਿਆ ਹੈ। ਇਸ ਯੋਜਨਾ ਦਾ ਮੁੱਖ ਉਦੇਸ਼ ਲੁਧਿਆਣਾ, ਬਠਿੰਡਾ ਅਤੇ ਪਠਾਨਕੋਟ ਵਰਗੇ ਸ਼ਹਿਰਾਂ ਨੂੰ ਹਵਾਈ ਨਕਸ਼ੇ 'ਤੇ ਲਿਆਉਣਾ ਹੈ ਤਾਂ ਜੋ ਆਮ ਲੋਕ ਵੀ ਘੱਟ ਖਰਚੇ 'ਤੇ ਹਵਾਈ ਸਫ਼ਰ ਕਰ ਸਕਣ।

ਰਾਜ ਸਭਾ ਵਿੱਚ ਅੰਮ੍ਰਿਤਸਰ, ਚੰਡੀਗੜ੍ਹ ਅਤੇ ਹੋਰ ਸ਼ਹਿਰਾਂ ਤੋਂ ਘਰੇਲੂ ਤੇ ਅੰਤਰਰਾਸ਼ਟਰੀ ਉਡਾਕੇਂਦਰ ਸਰਕਾਰ ਨੇ ਸਪਸ਼ਟ ਕੀਤਾ ਹੈ ਕਿ ਪੰਜਾਬ ਦੇ ਸ਼ਹਿਰਾਂ ਤੋਂ ਉਡਾਣਾਂ ਸ਼ੁਰੂ ਕਰਨੀਆਂ ਜਾਂ ਵਧਾਉਣੀਆਂ ਪੂਰੀ ਤਰ੍ਹਾਂ ਨਿੱਜੀ ਏਅਰਲਾਈਨਾਂ ਦੇ ਹੱਥ ਵਿੱਚ ਹੈ। 1994 ਦੇ ਕਾਨੂੰਨੀ ਬਦਲਾਅ ਤੋਂ ਬਾਅਦ, ਕੰਪਨੀਆਂ ਆਪਣੀ ਮਰਜ਼ੀ ਅਨੁਸਾਰ ਰੂਟ ਅਤੇ ਜਹਾਜ਼ਾਂ ਦੀ ਗਿਣਤੀ ਤੈਅ ਕਰਦੀਆਂ ਹਨ। ਇਹ ਫੈਸਲੇ ਮੁੱਖ ਤੌਰ 'ਤੇ ਇਸ ਗੱਲ 'ਤੇ ਨਿਰਭਰ ਕਰਦੇ ਹਨ ਕਿ ਕਿਸੇ ਰੂਟ ਤੋਂ ਕੰਪਨੀ ਨੂੰ ਕਿੰਨਾ ਮੁਨਾਫਾ ਹੋ ਰਿਹਾ ਹੈ।

ਸਰਕਾਰ ਨੇ ਦੱਸਿਆ ਕਿ ਪੰਜਾਬ ਦੇ ਛੋਟੇ ਹਵਾਈ ਅੱਡਿਆਂ ਨੂੰ ਦੇਸ਼ ਦੇ ਹਵਾਈ ਨੈੱਟਵਰਕ ਨਾਲ ਜੋੜਨ ਲਈ ਰਿਜਨਲ ਕੁਨੈਕਟੀਵਿਟੀ ਸਕੀਮ (RCS-UDAN) ਤਹਿਤ ਕੰਮ ਕੀਤਾ ਗਿਆ ਹੈ। ਇਸ ਯੋਜਨਾ ਦਾ ਮੁੱਖ ਉਦੇਸ਼ ਲੁਧਿਆਣਾ, ਬਠਿੰਡਾ ਅਤੇ ਪਠਾਨਕੋਟ ਵਰਗੇ ਸ਼ਹਿਰਾਂ ਨੂੰ ਹਵਾਈ ਨਕਸ਼ੇ 'ਤੇ ਲਿਆਉਣਾ ਹੈ ਤਾਂ ਜੋ ਆਮ ਲੋਕ ਵੀ ਘੱਟ ਖਰਚੇ 'ਤੇ ਹਵਾਈ ਸਫ਼ਰ ਕਰ ਸਕਣ।

ਰਾਜ ਸਭਾ ਵਿੱਚ ਅੰਮ੍ਰਿਤਸਰ, ਚੰਡੀਗੜ੍ਹ ਅਤੇ ਹੋਰ ਸ਼ਹਿਰਾਂ ਤੋਂ ਘਰੇਲੂ ਤੇ ਅੰਤਰਰਾਸ਼ਟਰੀ ਉਡਾਣਾਂ ਵਧਾਉਣ ਬਾਰੇ ਸਵਾਲ ਪੁੱਛਿਆ ਗਿਆ ਸੀ। ਸਰਕਾਰ ਨੇ ਜਵਾਬ ਦਿੱਤਾ ਕਿ ਹਵਾਈ ਅੱਡਿਆਂ ਦਾ ਬੁਨਿਆਦੀ ਢਾਂਚਾ ਤਿਆਰ ਹੈ ਪਰ ਨਵੀਆਂ ਸੇਵਾਵਾਂ ਸ਼ੁਰੂ ਕਰਨਾ ਏਅਰਲਾਈਨਾਂ ਦੇ ਵਪਾਰਕ ਨਜ਼ਰੀਏ ਅਤੇ ਯਾਤਰੀਆਂ ਦੀ ਮੰਗ 'ਤੇ ਨਿਰਭਰ ਕਰਦਾ ਹੈ।ਕੇਂਦਰ ਸਰਕਾਰ ਨੇ ਸਪਸ਼ਟ ਕੀਤਾ ਹੈ ਕਿ ਪੰਜਾਬ ਦੇ ਸ਼ਹਿਰਾਂ ਤੋਂ ਉਡਾਣਾਂ ਸ਼ੁਰੂ ਕਰਨੀਆਂ ਜਾਂ ਵਧਾਉਣੀਆਂ ਪੂਰੀ ਤਰ੍ਹਾਂ ਨਿੱਜੀ ਏਅਰਲਾਈਨਾਂ ਦੇ ਹੱਥ ਵਿੱਚ ਹੈ। 1994 ਦੇ ਕਾਨੂੰਨੀ ਬਦਲਾਅ ਤੋਂ ਬਾਅਦ, ਕੰਪਨੀਆਂ ਆਪਣੀ ਮਰਜ਼ੀ ਅਨੁਸਾਰ ਰੂਟ ਅਤੇ ਜਹਾਜ਼ਾਂ ਦੀ ਗਿਣਤੀ ਤੈਅ ਕਰਦੀਆਂ ਹਨ। ਇਹ ਫੈਸਲੇ ਮੁੱਖ ਤੌਰ 'ਤੇ ਇਸ ਗੱਲ 'ਤੇ ਨਿਰਭਰ ਕਰਦੇ ਹਨ ਕਿ ਕਿਸੇ ਰੂਟ ਤੋਂ ਕੰਪਨੀ ਨੂੰ ਕਿੰਨਾ ਮੁਨਾਫਾ ਹੋ ਰਿਹਾ ਹੈ।

ਸਰਕਾਰ ਨੇ ਦੱਸਿਆ ਕਿ ਪੰਜਾਬ ਦੇ ਛੋਟੇ ਹਵਾਈ ਅੱਡਿਆਂ ਨੂੰ ਦੇਸ਼ ਦੇ ਹਵਾਈ ਨੈੱਟਵਰਕ ਨਾਲ ਜੋੜਨ ਲਈ ਰਿਜਨਲ ਕੁਨੈਕਟੀਵਿਟੀ ਸਕੀਮ' (RCS-UDAN) ਤਹਿਤ ਕੰਮ ਕੀਤਾ ਗਿਆ ਹੈ। ਇਸ ਯੋਜਨਾ ਦਾ ਮੁੱਖ ਉਦੇਸ਼ ਲੁਧਿਆਣਾ, ਬਠਿੰਡਾ ਅਤੇ ਪਠਾਨਕੋਟ ਵਰਗੇ ਸ਼ਹਿਰਾਂ ਨੂੰ ਹਵਾਈ ਨਕਸ਼ੇ 'ਤੇ ਲਿਆਉਣਾ ਹੈ ਤਾਂ ਜੋ ਆਮ ਲੋਕ ਵੀ ਘੱਟ ਖਰਚੇ 'ਤੇ ਹਵਾਈ ਸਫ਼ਰ ਕਰ ਸਕਣ।ਕੇਂਦਰ ਸਰਕਾਰ ਨੇ ਸਪਸ਼ਟ ਕੀਤਾ ਹੈ ਕਿ ਪੰਜਾਬ ਦੇ ਸ਼ਹਿਰਾਂ ਤੋਂ ਉਡਾਣਾਂ ਸ਼ੁਰੂ ਕਰਨੀਆਂ ਜਾਂ ਵਧਾਉਣੀਆਂ ਪੂਰੀ ਤਰ੍ਹਾਂ ਨਿੱਜੀ ਏਅਰਲਾਈਨਾਂ ਦੇ ਹੱਥ ਵਿੱਚ ਹੈ। 1994 ਦੇ ਕਾਨੂੰਨੀ ਬਦਲਾਅ ਤੋਂ ਬਾਅਦ, ਕੰਪਨੀਆਂ ਆਪਣੀ ਮਰਜ਼ੀ ਅਨੁਸਾਰ ਰੂਟ ਅਤੇ ਜਹਾਜ਼ਾਂ ਦੀ ਗਿਣਤੀ ਤੈਅ ਕਰਦੀਆਂ ਹਨ। ਇਹ ਫੈਸਲੇ ਮੁੱਖ ਤੌਰ 'ਤੇ ਇਸ ਗੱਲ 'ਤੇ ਨਿਰਭਰ ਕਰਦੇ ਹਨ ਕਿ ਕਿਸੇ ਰੂਟ ਤੋਂ ਕੰਪਨੀ ਨੂੰ ਕਿੰਨਾ ਮੁਨਾਫਾ ਹੋ ਰਿਹਾ ਹੈ।

ਸਰਕਾਰ ਨੇ ਦੱਸਿਆ ਕਿ ਪੰਜਾਬ ਦੇ ਛੋਟੇ ਹਵਾਈ ਅੱਡਿਆਂ ਨੂੰ ਦੇਸ਼ ਦੇ ਹਵਾਈ ਨੈੱਟਵਰਕ ਨਾਲ ਜੋੜਨ ਲਈ ਰਿਜਨਲ ਕੁਨੈਕਟੀਵਿਟੀ ਸਕੀਮ' (RCS-UDAN) ਤਹਿਤ ਕੰਮ ਕੀਤਾ ਗਿਆ ਹੈ। ਇਸ ਯੋਜਨਾ ਦਾ ਮੁੱਖ ਉਦੇਸ਼ ਲੁਧਿਆਣਾ, ਬਠਿੰਡਾ ਅਤੇ ਪਠਾਨਕੋਟ ਵਰਗੇ ਸ਼ਹਿਰਾਂ ਨੂੰ ਹਵਾਈ ਨਕਸ਼ੇ 'ਤੇ ਲਿਆਉਣਾ ਹੈ ਤਾਂ ਜੋ ਆਮ ਲੋਕ ਵੀ ਘੱਟ ਖਰਚੇ 'ਤੇ ਹਵਾਈ ਸਫ਼ਰ ਕਰ ਸਕਣ।